Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 200 Friday, October 18, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
ROYAL CANADIAN REALTY BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
LIFE INSURANCE
MORTGAGE INSURANCE
CRITICAL ILLNESS INS
DISABILITY INSURANCE
TRAVEL INS
FUNERAL INSURANCE
RESP & TFSA & RRSP
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc.
(416-845-1352) Manwinder Mangat Broker
Axel InsuranceBrokers Ltd.
1332 Khalsa Dr, Unit # 11, Mississauga, ON L5S 0A2

# ਜਗਮੀਤ ਨੇ ਕੀਤੀ ਬਰੈਂਪਟਨ 'ਚ ਵੱਡੀ ਰੈਲੀ

ਪੋਸਟ ਬਿਊਰੋ, ਬਰੈਂਪਟਨ ( ਸੁਰਜੀਤ ਸਿੰਘ ਫਲੋਰਾ) ਵੀਰਵਾਰ ਅਕਤੂਬਰ 17 ਨੂੰ ਐਨ ਡੀ ਪੀ ਲੀਡਰ ਜਗਮੀਤ ਸਿੰਘ ਵੱਲੋਂ ਬਰੈਂਪਟਨ ਦੇ ਗਰੈਂਡ ਐਮਪਾਇਰ 'ਚ ਰੈਲੀ ਰੱਖੀ ਗਈ ਸੀ । ਜਿਸ ਵਿਚ ਕੋਈ ਇਕ ਹਜ਼ਾਰ ਤੋਂ ਵੱਧ ਉਨ੍ਹਾਂ ਦੇ ਸਪੋਟਰਾਂ ਵੱਲੋਂ ਹਿਸਾ ਲਿਆ ਗਿਆ।

ਸਭ ਤੋਂ ਪਹਿਲਾਂ ਰੈਸਲਰ ਜਤਿੰਦਰ ਸਿੰਘ ਮਾਹਿਲ ਵਲੋਂ ਜਗਮੀਤ ਸਿੰਘ ਬਾਰੇ ਬੋਲਦੇ ਹੋਏ ਕਿਹਾ ਕਿ ਜਗਮੀਤ ਸਿੰਘ ਦੇ ਸੁਪਨੇ ਵੀ ਮੇਰੇ ਵਾਂਗ ਵੱਡੇ ਸਨ। ਉਸ ਨੂੰ ਵੀ ਕੁਝ ਲੋਕਾਂ ਲਈ ਕਰ ਗੁਜਰਨ ਦੀ ਤਮੰਨਾ ਸੀ ਜੋ ਮੇਰੀ ਵੀ ਤਮੰਨਾ ਸੀ ਮੈਂ ਵੀ ਕਰ ਦਿਖਾਇਆ ਤੇ ਜਗਮੀਤ ਸਿੰਘ ਨੇ ਵੀ ਕਰ ਦਿਖਾਇਆ

ਇਸ ਉਪਰੰਤ ਉਨਟੈਰਿਉ ਸੂਬੇ ਦੀ ਐੱਨ ਡੀ ਪੀ ਪਾਰਟੀ ਦੀ ਲੀਡਰ ਐਂਡਰੀਆਂ ਹਾਰਵਥ ਵਲੋਂ ਜਗਮੀਤ ਸਿੰਘ ਬਾਰੇ ਗੱਲ ਬਾਤ ਕਰਦੇ ਹੋਏ ਕਿਹਾ ਕਿ ਕੌਣ ਕਹਿੰਦਾ ਹੈ ਕਿ ਇਸ ਸੂਬੇ ਵਿਚ ਐੱਨ ਡੀ ਪੀ ਨੂੰ



ਵੋਟ ਨਹੀਂ ਪੈਂਦੇ, ਜਗਮੀਤ ਸਿੰਘ ਇਥੋ ਹੀ ਡਿਪਟੀ ਲੀਡਰ ਦੀ ਪਦਵੀ ਛੱਡ ਕੇ ਅੱਜ ਫੈਡਰਲ ਲੇਬਲ ਤੇ ਐੱਨ ਡੀ ਪੀ ਦੀ ਕੁਰਸੀ ਤੇ ਜਾ ਪਹੁੰਚਾ ਹੈ। ਤੇ ਬਹੁਤ ਜਲਦ ਪ੍ਰਧਾਨ ਮੱਤਰੀ ਦੀ ਕੁਰਸੀ ਤੇ ਵੀ ਹੱਕ ਜਮਾ ਲਏਗਾ। ...ਬਾਕੀ ਪੰਨਾ 6 'ਤੇ

# ਵਿਸ਼ਲੇਸ਼ਣ ਅਨੁਸਾਰ ਤਿੰਨਾਂ ਮੁੱਖ ਪਾਰਟੀਆਂ ਦੇ ਆਗੂਆਂ ਨੇ ਓਨਟਾਰੀਓ, ਕਿਊਬਿਕ ਤੇ ਬੀਸੀ 'ਚ ਲਾਇਆ ਵਧੇਰੇ ਜ਼ੋਰ

ਟੋਰਾਂਟੋ, 17 ਅਕਤੂਬਰ (ਪੋਸਟ ਬਿਊਰੋ) : 2019 ਦੀਆਂ ਫੈਡਰਲ ਚੋਣਾਂ ਵਿੱਚ ਹੁਣ ਜਦੋਂ ਕੁੱਝ ਦਿਨ ਹੀ ਬਾਕੀ ਰਹਿ ਗਏ ਹਨ ਤਾਂ ਫੈਡਰਲ ਪਾਰਟੀਆਂ ਦੇ ਆਗੂ ਵੀ ਆਪਣੀ ਕਰੌਸ ਕੰਟਰੀ ਮੁਹਿੰਮ ਨੂੰ ਵਿਰਾਮ ਲਾਉਣ ਵੱਲ ਵੱਧ ਰਹੇ ਹਨ।

ਲੀਡਰਾਂ ਦੀ ਪੈੜ ਨੱਪਦਿਆਂ ਹੋਇਆਂ ਇਹ ਸਾਹਮਣੇ ਆਇਆ ਹੈ ਕਿ ਲਿਬਰਲਾਂ, ਕੰਜ਼ਰਵੇਟਿਵਾਂ ਤੇ ਐਨਡੀਪੀ ਨੇ ਕਿਹੜੇ ਇਲਾਕਿਆਂ ਉੱਤੇ ਆਪਣਾ ਵਧੇਰੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਵਿਸ਼ਲੇਸ਼ਣ ਅਨੁਸਾਰ ਬੁੱਧਵਾਰ ਤੱਕ ਤਿੰਨੇਂ ਆਗੂ 208



ਕਮਿਊਨਿਟੀਜ਼ ਦਾ ਦੌਰਾ ਕਰ ਚੁੱਕੇ ਸਨ। ਕਈ ਥਾਂਵਾਂ ਉੱਤੇ ਤਾਂ ਇਨ੍ਹਾਂ ਆਗੂਆਂ ਨੇ ਸਿਰਫ ਤਸਵੀਰਾਂ ਹੀ ਖਿਚਵਾਈਆਂ। ਪਰ ਇਨ੍ਹਾਂ ਦਾ ਬਹੁਤਾ ਧਿਆਨ ਓਨਟਾਰੀਓ, ਕਿਊਬਿਕ ਤੇ ਬ੍ਰਿਟਿਸ਼ ਕੋਲੰਬੀਆ ਪ੍ਰੋਵਿੰਸਾਂ ਉੱਤੇ ਹੀ ਰਿਹਾ। ਇਹ ਤਿੰਨੇ ਪ੍ਰੋਵਿੰਸਾਂ ਹੀ ਸੰਘਰਸ਼ ਦਾ ਮੈਦਾਨ ਮੰਨੀਆਂ ਜਾਂਦੀਆਂ ਹਨ ਕਿਉਂਕਿ ਇੱਥੇ ਹੀ ਵੱਧ ਤੋਂ ਵੱਧ ਵੋਟਾਂ ਹਾਸਲ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਨ੍ਹਾਂ ਤਿੰਨਾਂ ਪ੍ਰੋਵਿੰਸਾਂ ਵਿੱਚ ਹੀ ਸੱਭ ਤੋਂ ਵੱਧ ਸੀਟਾਂ ਉਪਲਬਧ ਹਨ। ਹਾਊਸ ਆਫ ਕਾਮਨਜ਼ ਦੀਆਂ 71 ਫੀ ਸਦੀ ਸੀਟਾਂ ਇਨ੍ਹਾਂ ਪ੍ਰੋਵਿੰਸਾਂ ਵਿੱਚ ਹੀ ਹਨ।

ਲਿਬਰਲ ਆਗੂ ਜਸਟਿਨ ਟਰੂਡੋ ਦੇ ਰੁਝੇਵੇਂ ਸਾਰੇ ਆਗੂਆਂ ਨਾਲੋਂ ਵੱਧ ਰਹੇ। ਆਪਣੀ ਹੁਣ ਤੱਕ ਦੀ ਕੈਂਪੇਨ ਵਿੱਚ ਉਹ 78 ਸਪੌਟਸ ਕਵਰ ਕਰ ਚੁੱਕੇ ਹਨ। 36 ਵਾਰੀ ਉਹ ਓਨਟਾਰੀਓ ਰੁਕੇ, 17 ਵਾਰੀ ਕਿਊਬਿਕ ਤੇ ਨੌਂ ਵਾਰੀ ਬ੍ਰਿਟਿਸ਼ ਕੋਲੰਬੀਆ ਰੁਕੇ। ...ਬਾਕੀ ਪੰਨਾ 6 'ਤੇ

# ਬਰੈਂਪਟਨ ਈਸਟ ਤੋਂ ਤੁਹਾਡੀ ਵੋਟ ਦਾ ਸਹੀ ਹੱਕਦਾਰ ਮਨਿੰਦਰ ਸਿੰਘ ਸਿੱਧੂ

-ਪੰਜਾਬੀ ਪੋਸਟ ਵਿਸੇਸ਼-

ਬਰੈਂਪਟਨ ਈਸਟ ਰਾਈਡਿੰਗ ਦੀ ਨੁਮਾਇੰਦਗੀ ਕਰ ਰਹੇ ਸਾਬਕਾ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਦੇ ਸਿਆਸਤ ਤੋਂ ਕਿਨਾਰਾਕਸ਼ੀ ਕਰਨ ਤੋਂ ਬਾਅਦ ਜਦੋਂ ਇੱਥੇ ਤੋਂ ਲਿਬਰਲ ਉਮੀਦਵਾਰ ਨੌਮੀਨੇਟ ਕਰਨ ਦੀ ਗੱਲ ਨੇ ਸਿਰ ਚੁੱਕਿਆ ਤਾਂ ਕਈ ਕਿਸਮ ਦੀਆਂ ਕਿਆਸ ਅਰਾਈਆਂ ਹੋਣ ਲੱਗੀਆਂ। ਆਸ ਕੀਤੀ ਜਾਣ ਲੱਗੀ ਸੀ ਕਿ ਲਿਬਰਲਾਂ ਦੇ ਗੜ ਵਾਲੀ ਇਸ ਰਾਈਡਿੰਗ ਤੋਂ ਉਮੀਦਵਾਰ ਬਣਨ ਲਈ ਕਿਸਮਤ ਅਜ਼ਮਾਈ ਕਰਨ ਲਈ ਵਾਲਿਆਂ ਦੀ ਇੱਕ ਲੰਬੀ ਚੌੜੀ ਕਤਾਰ ਖੜੀ ਹੋਵੇਗੀ। ਕੋਈ ਸ਼ੱਕ ਨਹੀਂ ਕਿ ਆਖਰ ਨੂੰ ਅਜਿਹਾ ਹੋਇਆ ਵੀ। ਕਈ ਆਗੂ ਆਪੋ ਆਪਣੇ ਪੱਧਰ ਉੱਤੇ ਮੈਂਬਰਸ਼ਿੱਪ ਕੰਪੇਨ ਵਿੱਚ ਰੁੱਝ ਗਏ ਸਨ। ਫੇਰ ਅਚਾਨਕ ਇਹ ਚਰਚਾ ਜੋਰ ਫੜ ਗਈ ਕਿ ਪੰਜਾਬੀ ਕਮਿਉਨਿਟੀ ਵਿੱਚ ਜਾਣੇ ਪਹਿਚਾਣੇ ਪਰਿਵਾਰਾਂ ਦੇ ਬੇਟੇ ਮਨਿੰਦਰ ਸਿੱਧੂ ਨੇ 10 ਹਜ਼ਾਰ ਤੋਂ ਵੱਧ ਮੈਂਬਰਸ਼ਿੱਪ ਸਾਈਨ ਕਰ ਲਈ ਹੈ। ਮਨਿੰਦਰ ਵੱਲੋਂ ਇਹ ਲਾਮਿਸਾਲ ਉਦਾਹਰਣ ਪੈਦਾ ਕਰਨ ਤੋਂ ਬਾਅਦ ਉਮੀਦਵਾਰ ਬਣਨ ਦੀ ਚੇਸ਼ਟਾ ਰੱਖਣ ਵਾਲੇ ਕੰਜ਼ਰਵੇਟਿਵ ਆਪੇ ਹੀ ਲਾਂਭੇ ਹੋ ਗਏ।



30 ਕੁ ਸਾਲਾ ਮਨਿੰਦਰ ਸਿੱਧੂ ਬਰੈਂਪਟਨ ਕਮਿਉਨਿਟੀ ਵਿੱਚ ਮਕਬੂਲ ਪਰਿਵਾਰਾਂ ਨਾਲ ਸਬੰਧਿਤ ਹੈ। ਉਹ ਉਂਟੇਰੀਓ ਗੁਰਦੁਆਰਾ ਕਮੇਟੀ ਅਤੇ ਉਂਟੇਰੀਓ ਸਿੱਖਜ਼ ਐਂਡ ਗੁਰਦੁਆਰਾ ਕਾਉਂਸਲ ਰਾਹੀਂ ਸੇਵਾ ਨਿਭਾਉਣ ਵਾਲੇ ਸਿੱਧੂ ਭਰਾਵਾਂ ਨਰਿੰਦਰ ਸਿੰਘ ਦਾ ਬੇਟਾ ਅਤੇ ਬਰੈਂਪਟਨ ਦੇ ਖੇਡ ਹਲਕਿਆਂ ਖਾਸ ਕਰਕੇ ਕਬੱਡੀ ਨਾਲ ਲੰਬੇ ਸਮੇਂ ਤੋਂ ਜੁੜੀ ਸਖ਼ਸ਼ਿਅਤ ਬੰਤ ਨਿੱਝਰ ਦਾ ਜਵਾਈ ਹੈ। ਸਿੱਧੂ ਅਤੇ ਨਿੱਝਰ ਪਰਿਵਾਰਾਂ ਦੁਆਰਾ ਕਮਿਉਨਿਟੀ ਲਈ ਚਿਰਾਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਕਾਰਣ ਉਸਦੀ ਕੰਪੇਨ ਨੂੰ ਸਪੋਰਟਸ ਕੱਲਬਾਂ, ਸਮਾਜਿਕ ਜੱਥੇਬੰਦੀਆਂ ਅਤੇ ਧਾਰਮਿਕ ਹਲਕਿਆਂ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਵਾਟਰਲੂ ਯੂਨੀਵਰਸਿਟੀ ਤੋਂ ਗਰੈਜੁਏਸ਼ਨ ਕਰਨ ਤੋਂ ਬਾਅਦ ਮਨਿੰਦਰ ਸਿੱਧੂ ਨੇ ਕਸਮਟ ਬਰੋਕਰੇਜ ਦਾ ਇੱਕ ਸਫ਼ਲ ਬਿਜਨਸ ਖੜਾ ਕੀਤਾ। ਇਸ ਦੌਰਾਨ ਉਸਨੇ ਇੱਕ ਚੈਰਟੀ ਸੰਸਥਾ ਦਾ ਨਿਰਮਾਣ ਵੀ ਕੀਤਾ ਜਿਸਦਾ ਮਨੋਰਥ ਕੈਨੇਡਾ ਅਤੇ ਭਾਰਤ ਵਿੱਚ ਲੋੜਵੰਦ ਬੱਚਿਆਂ ਨੂੰ ਵਿੱਦਿਆ ਹਾਸਲ ਕਰਨ ਵਿੱਚ ਸਹਾਰਾ ਦੇਣਾ ਹੈ। ...ਬਾਕੀ ਪੰਨਾ 4 'ਤੇ

Now offering a $1,500 sign-on bonus in Bolton
Earn up to $16.25/hr as a warehouse associate in the GTA. No resume. No previous work experience required.
amazon.com/torontojobs
amazon
Amazon is an Equal Opportunity Employer
Minority / Women / Disability / Veteran / Gender Identity / Sexual Orientation / Age

VOTE MANINDER SIDHU
BRAMPTON EAST
MONDAY OCTOBER 21ST 9:30 AM 9:30 PM
Liberal
A Record You Can Trust
More Money for families with children
Stronger pensions and better healthcare for seniors
Creating over one million new jobs
Protecting a clean environment for our kids
Investing to build more affordable housing, and better transit, roads and bridges
CHOOSE FORWARD
what you'll need to vote:
One piece of valid government-issued I.D. with your photo, name and current address, such as a driver's license or other government ID card.
If you don't have a piece of government-issued I.D. with your photo, name and current address, please visit the Elections Canada website www.elections.ca to see what other forms of I.D. are acceptable.
questions? need a ride?
905-790-6666
manindersidhu.liberal.ca
Campaign Office:
510 Deerhurst Dr, Unit 3, Brampton, ON L6T 5H9
Authorized by the official agent for Maninder Sidhu.

ANDREW SCHEER'S CONSERVATIVE PLAN FOR CANADA

ਐਂਡਰੀਊ ਸ਼ੀਅਰ ਦੀ ਕੈਨੇਡਾ ਵਾਸਤੇ ਯੋਜਨਾ

- KEEPS OUR COMMUNITIES SAFE AND PUTS OUR COUNTRY ON THE RIGHT TRACK SO WE CAN FOCUS ON OUR FAMILIES.
  ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ ਅਤੇ ਸਾਡੇ ਦੇਸ ਨੂੰ ਸਹੀ ਰਸਤੇ 'ਤੇ ਕਰਨਾ ਤਾਂ ਜੋ ਅਸੀ ਆਪਣੇ ਪਰਿਵਾਰਾਂ ਵੱਲੋਂ ਧਿਆਨ ਕੇਂਦਰਿਤ ਕਰ ਸਕੀਏ।
- HELPS ESTABLISH A FAIR, COMPASSIONATE, AND ORDERLY IMMIGRATION SYSTEM THAT PROPERLY SERVES FAMILIES.
  ਪਰਿਵਾਰਾਂ ਦੀ ਢੁੱਕਵੀ ਸੇਵਾ ਲਈ ਨਿਰਪੱਖ, ਹਮਦਰਦ ਅਤੇ ਵਿਵਸਥਿਤ ਇਮੀਗਰੇਸ਼ਨ ਪਰਣਾਲੀ ਸਥਾਪਿਤ ਕਰਨ ਵਿੱਚ ਸਹਾਇਤਾ ਕਰਨਾ।
- GIVES OUR POLICE THE EQUIPMENT AND FUNDING THEY NEED TO KEEP OUR COMMUNITIES SAFE AND TO KEEP DRUGS OFF OUR STREETS.
  ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਤੇ ਨਸ਼ੇ ਗਲੀਆਂ ਤੋਂ ਦੂਰ ਰੱਖਣ ਲਈ ਪੁਲਿਸ ਨੂੰ ਲੋੜੀਂਦਾ ਸਾਜੋ-ਸਾਮਾਨ ਅਤੇ ਫੰਡ ਦੇਣਾ।
- PUTS MONEY BACK IN YOUR POCKET, WHICH IS EXACTLY WHAT FAMILIES NEED.
  ਪੈਸੇ ਵਾਪਿਸ ਤੁਹਾਡੀ ਜੇਬ ਵਿੱਚ ਪਾਉਣੇ ਜੋ ਬਿਨਾਸ਼ੱਕ ਪਰਿਵਾਰਾਂ ਨੂੰ ਚਾਹੀਦੇ ਹਨ।
- AND PROMOTES RELIGIOUS FREEDOM WHILE STRENGTHENING OUR RELATIONSHIP WITH THE SIKH COMMUNITY ACROSS THE GLOBE.
  ਅਤੇ ਸੰਸਾਰ ਭਰ ਵਿੱਚ ਸਿੱਖ ਕੌਮ ਨਾਲ ਸਾਡਾ ਰਿਸ਼ਤਾ ਮਜ਼ਬੂਤ ਕਰਦੇ ਹੋਏ ਧਾਰਮਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨਾ।

IT'S TIME FOR you TO GET AHEAD

CONSERVATIVE

AUTHORIZED BY THE OFFICIAL AGENT OF THE CONSERVATIVE PARTY OF CANADA



CONSERVATIVE

@CPCPCC
CONSERVATIVE.CA
ANDREWSCHEER.CA



RE-ELECT

Liberal

SONIA SIDHU

BRAMPTON SOUTH

ਹਰ ਵਰਗ ਨੂੰ ਮੁੱਖ ਰੱਖਦੇ ਹੋਏ ਲਿਬਰਲ ਪਾਰਟੀ ਵੱਲੋਂ ਨਵਾਂ ਪਲੈਟਫਾਰਮ ਜਾਰੀ ਕੀਤਾ ਗਿਆ ਹੈ, ਤਾਂ ਕਿ ਹਰ ਕਿਸੇ ਕੋਲ ਵਧੀਆ ਭਵਿੱਖ ਅਤੇ ਸਹੂਲਤਾਂ ਹੋਣ।

- ਕਾਲਜ/ਯੂਨੀਵਰਸਿਟੀ ਜਾਣ ਵਾਲੇ ਕੈਨੇਡੀਅਨ ਵਿਦਿਆਰਥੀਆਂ ਲਈ ਸਸਤੀ ਪੜ੍ਹਾਈ
- ਸਸਤੀਆਂ ਦਵਾਈਆਂ ਲਈ ਯੂਨੀਵਰਸਲ ਫਾਰਮਾਕੇਅਰ
- ਮਿਡਲ ਕਲਾਸ ਲਈ ਟੈਕਸ ਘਟਾਉਣੇ
- ਸੈੱਲ ਫੋਨ ਦੇ ਬਿੱਲ 25% ਘਟਾਉਣੇ
- ਸੀਨੀਅਰਜ਼ ਦੀ ਪੈਨਸ਼ਨ 'ਚ ਹੋਰ ਵਾਧਾ

ਕਿਉਂਕਿ ਲਿਬਰਲ ਪਾਰਟੀ ਕੈਨੇਡੀਅਨਜ਼ 'ਚ ਇੱਨਵੈਸਟ ਕਰਨ 'ਚ ਵਿਸ਼ਵਾਸ ਕਰਦੀ ਹੈ,

ਕੱਟ ਲਗਾਉਣ ਅਤੇ ਝੂਠੇ ਵਾਅਦਿਆਂ 'ਚ ਨਹੀਂ।

21 ਅਕਤੂਬਰ ਨੂੰ, ਬ੍ਰੈਂਪਟਨ ਦੇ ਵਧੀਆ ਭਵਿੱਖ ਲਈ ਲਿਬਰਲ ਪਾਰਟੀ ਨੂੰ ਵੋਟ ਪਾਓ!



CHOOSE FORWARD

(289) 498-0180
info@sonialiberal.ca
205 County Court Blvd.

/soniasidhuliberal
@SoniaSidhu
@soniaLiberal

sonialiberal.ca

Authorized by the Official Agent for Sonia Sidhu.

AMAN TRAVEL SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਦਾਖੇ ਵੱਲੋਂ ਅਵਾੜੇ ਕਈ ਆਉਣ ਸੁਣਿਆ,
ਫਸਵੀਂ ਟੱਕਰ ਦਾ ਬਣ ਗਿਆ ਹਾਲ ਬੇਲੀ।
ਲਾ'ਤਾ ਏ ਜ਼ੋਰ ਅਕਾਲੀਆਂ-ਕਾਂਗਰਸੀਆਂ,
ਬੈਂਸਾਂ ਮਗਰ ਵੀ ਨਿੱਕੀ ਨਹੀਂ ਪਾਲ ਬੇਲੀ।
ਭਗਵੰਤ ਮਾਨ ਵੀ ਰੌਣਕਾਂ ਪਿਆ ਲਾਉਂਦਾ,
ਲੈ ਲਿਆ ਜੈਤੋ ਬਲਦੇਵ ਸਿੰਘ ਨਾਲ ਬੇਲੀ।
ਸਿਖਰਾਂ ਉੱਤੇ ਜਦ ਪਿਆ ਪ੍ਰਚਾਰ ਪਹੁੰਚਾ,
ਹਰ ਕੋਈ ਚੱਲਿਆ ਤਿੱਖੀ ਹੈ ਚਾਲ ਬੇਲੀ।
ਜਿਹੜਿਆਂ ਵੋਟਰਾਂ ਦੇਣਾ ਹੈ ਮਾਣ ਆਖਰ,
ਉਹ ਤਾਂ ਬੈਠੇ ਈ ਚੁੱਪ ਜਿਹੀ ਵੱਟ ਬੇਲੀ।
ਉਹ ਨਾ ਦੱਸਦੇ, ਕੀਹਦੇ ਆ ਨਾਲ ਜਾਣਾ,
ਕਿਸ ਨੂੰ ਮਾਰਨ ਦੀ ਸੋਚੀ ਹੈ ਸੱਟ ਬੇਲੀ।

**ਤੀਸ ਮਾਰ ਖਾਂ**

# ਨਿੱਕੇ ਤੇ ਦਰਮਿਆਨੇ ਹਸਪਤਾਲਾਂ ਨੂੰ ਓਨਟਾਰੀਓ ਸਰਕਾਰ ਦੇਵੇਗੀ ਹੋਰ ਫੰਡ

ਟੋਰਾਂਟੋ, 17 ਅਕਤੂਬਰ (ਪੋਸਟ ਬਿਊਰੋ) : ਘਾਟੇ ਨੂੰ ਖ਼ਤਮ ਕਰਨ ਤੇ ਫੰਡਿੰਗ ਸਬੰਧੀ ਹੋਰਨਾਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਓਨਟਾਰੀਓ ਸਰਕਾਰ ਪ੍ਰੋਵਿੰਸ ਭਰ ਵਿੱਚ ਨਿੱਕੇ ਤੇ ਦਰਮਿਆਨੇ ਆਕਾਰ ਵਾਲੇ ਹਸਪਤਾਲਾਂ ਨੂੰ ਵਧੇਰੇ ਫੰਡ ਮੁਹੱਈਆ ਕਰਵਾ ਰਹੀ ਹੈ।



ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦਾ ਕਹਿਣਾ ਹੈ ਕਿ ਇਸ ਸਾਲ 90 ਹਸਪਤਾਲਾਂ ਦੀ ਮਦਦ ਕਰਨ ਲਈ ਪ੍ਰੋਵਿੰਸ 68 ਮਿਲੀਅਨ ਡਾਲਰ ਖਰਚ ਕਰੇਗੀ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਦੇ ਮੌਜੂਦਾ ਫੰਡਿੰਗ ਫਾਰਮੂਲੇ ਕਾਰਨ ਨਿੱਕੀਆਂ ਫੈਸਿਲਿਟੀਜ਼ ਨੂੰ ਕਾਫੀ ਨੁਕਸਾਨ ਹੋਇਆ ਹੈ ਤੇ ਇਸ ਮੁੱਦੇ ਨੂੰ ਹੱਲ ਕਰਨ ਦਾ ਲਈ ਸਰਕਾਰ ਵੱਲੋਂ ਚੁੱਕਿਆ ਇਹ ਪਹਿਲਾ ਕਦਮ ਹੈ।

ਇਸ ਫੰਡਿੰਗ ਨਾਲ 66 ਨਿੱਕੇ ਹਸਪਤਾਲਾਂ ਨੂੰ ਫੰਡਿੰਗ ਵਿੱਚ ਇੱਕ ਫੀ ਸਦੀ ਵਾਧਾ ਹੋਵੇਗਾ। ਬਾਕੀ 23 ਦਰਮਿਆਨੇ ਆਕਾਰ ਵਾਲੇ ਹਸਪਤਾਲਾਂ ਨੂੰ 1.5 ਫੀ ਸਦੀ ਵਾਧਾ ਮਿਲੇਗਾ। ਜ਼ਿਕਰਯੋਗ ਹੈ ਕਿ ਆਪਣੇ ਬਜਟ ਵਿੱਚ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਉਹ ਇਸ ਸਾਲ ਹਸਪਤਾਲ ਬਜਟ ਲਈ 384 ਮਿਲੀਅਨ ਡਾਲਰ ਵਧੇਰੇ ਖਰਚ ਕਰੇਗੀ।

# ਮਿਸੀਸਾਗਾ ਦੀ ਰਿਹਾਇਸ਼ੀ ਅਪਾਰਟਮੈਂਟ ਦੇ ਬਾਹਰ ਚੱਲੀ ਗੋਲੀ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਮਿਸੀਸਾਗਾ, 17 ਅਕਤੂਬਰ (ਪੋਸਟ ਬਿਊਰੋ) : ਪਿਛਲੇ ਸਾਲ ਮਿਸੀਸਾਗਾ ਦੇ ਰਿਹਾਇਸ਼ੀ ਅਪਾਰਟਮੈਂਟ ਦੇ ਬਾਹਰ ਗੋਲੀ ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕੀਤੀ ਗਈ 22 ਸਾਲਾ ਮਹਿਲਾ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਕਤਲ ਕਰਨ ਦੀ ਕੋਸ਼ਿਸ਼ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ।



23 ਨਵੰਬਰ, 2018 ਨੂੰ 2:30 ਵਜੇ ਦੇ ਨੇੜੇ ਤੇੜੇ ਇੱਕ 22 ਸਾਲਾ ਮਹਿਲਾ ਉੱਤੇ ਬੈਟਲਫੋਰਡ ਰੋਡ ਤੇ ਗਲੈਨ ਐਰਿਨ ਡਰਾਈਵ ਉੱਤੇ ਸਥਿਤ ਰਿਹਾਇਸ਼ੀ ਇਮਾਰਤ ਦੇ ਬਾਹਰ ਗੋਲੀਆਂ ਚਲਾਈਆਂ ਗਈਆਂ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਹੌਲੀ ਹੌਲੀ ਉਹ ਸਿਹਤਯਾਬ ਹੋ ਗਈ। ਲੰਮੀਂ ਪੁੱਛਗਿੱਛ ਤੋਂ ਬਾਅਦ ਦੋ ਮਸ਼ਕੂਕਾਂ ਦੀ ਪਛਾਣ ਕੀਤੀ ਗਈ ਜਿਨ੍ਹਾਂ ਵਿੱਚੋਂ ਇੱਕ 25 ਸਾਲਾ ਵਿਅਕਤੀ ਨੂੰ ਐਤਵਾਰ ਨੂੰ ਹਿਰਾਸਤ ਵਿੱਚ ਲਿਆ ਗਿਆ। ਉਸ ਵਿਅਕਤੀ ਦਾ ਕੋਈ ਪੱਕਾ ਪਤਾ ਨਹੀਂ ਹੈ।

ਇਸ ਵਿਅਕਤੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਤੇ ਹਥਿਆਰਾਂ ਨਾਲ ਸਬੰਧਤ ਕਈ ਦੋਸ਼ਾਂ ਤਹਿਤ ਚਾਰਜ ਕੀਤਾ ਗਿਆ। ਦੂਜੇ ਮਸ਼ਕੂਕ ਦੀ ਪਛਾਣ ਮਿਸੀਸਾਗਾ ਦੇ 30 ਸਾਲਾ ਵਿਅਕਤੀ ਵਜੋਂ ਹੀ ਜ਼ਾਹਿਰ ਕੀਤੀ ਗਈ ਹੈ। ਉਸ ਨੂੰ ਵੀ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ। ਦੋਵਾਂ ਨੂੰ ਬਰੈਂਪਟਨ ਦੀ ਅਦਾਲਤ ਵਿੱਚ ਜ਼ਮਾਨਤ ਦੀ ਸੁਣਵਾਈ ਹੋਣ ਤੱਕ ਹਿਰਾਸਤ ਵਿੱਚ ਰੱਖਿਆ ਜਾਵੇਗਾ।

# ਟੋਰਾਂਟੋ ਦੇ ਐਲੀਮੈਂਟਰੀ ਸਕੂਲ ਦੇ ਬਾਹਰੋਂ ਮਿਲੀ ਲਾਸ਼

ਰਿਚਮੰਡ ਹਿੱਲ, ਓਨਟਾਰੀਓ, 17 ਅਕਤੂਬਰ (ਪੋਸਟ ਬਿਊਰੋ) : ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੋਰਾਂਟੋ ਦੇ ਉੱਤਰ ਵੱਲ ਸਥਿਤ ਇੱਕ ਐਲੀਮੈਂਟਰੀ ਸਕੂਲ ਦੇ ਬਾਹਰੋਂ ਇੱਕ ਲਾਸ਼ ਮਿਲੀ ਹੈ।

ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਇਹ ਲਾਸ਼ ਵੀਰਵਾਰ ਨੂੰ ਸਵੇਰੇ 8:30 ਵਜੇ ਤੋਂ ਪਹਿਲਾਂ ਰਿਚਮੰਡ ਹਿੱਲ, ਓਨਟਾਰੀਓ ਵਿੱਚ ਸਿਕਸਟੀਨਥ ਐਵਨਿਊ ਪਬਲਿਕ ਸਕੂਲ ਦੇ ਗ੍ਰਾਊਂਡ ਤੋਂ ਮਿਲੀ। ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਮਦਦ ਲਈ ਸੋਸ਼ਲ ਵਰਕ ਤੇ ਸਾਇਕੌਲੋਜੀ ਸਟਾਫ ਸਕੂਲ ਵਿੱਚ ਮੌਜੂਦ ਸੀ। ਇਸ ਦਰਮਿਆਨ ਸਾਰਾ ਦਿਨ ਕਲਾਸਾਂ ਵੀ ਲੱਗੀਆਂ।

ਜਿਸ ਵਿਅਕਤੀ ਦੀ ਲਾਸ਼ ਮਿਲੀ ਹੈ ਉਸ ਦੀ ਜਨਤਕ ਤੌਰ ਉੱਤੇ ਸ਼ਨਾਖ਼ਤ ਨਹੀਂ ਹੋ ਸਕੀ ਹੈ ਪਰ ਕਾਂਸਟੇਬਲ ਲੌਰਾ ਨਿਕੋਲ ਨੇ ਦੱਸਿਆ ਕਿ ਬੁੱਧਵਾਰ ਰਾਤ ਤੋਂ ਇੱਕ 16 ਸਾਲਾ ਵਿਅਕਤੀ ਲਾਪਤਾ ਹੈ। ਯੌਰਕ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਲਾਪਤਾ ਵਿਦਿਆਰਥੀ ਥੌਰਨਹਿੱਲ, ਓਨਟਾਰੀਓ ਦੇ ਸੇਂਟ ਰੌਬਰਟ ਕੈਥੋਲਿਕ ਹਾਈ ਸਕੂਲ ਜਾਂਦਾ ਸੀ। ਪੁਲਿਸ ਨੇ ਦੱਸਿਆ ਕਿ ਮੌਤ ਸ਼ੱਕੀ ਨਹੀਂ ਮੰਨੀ ਜਾ ਰਹੀ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
Ext. Use Only
Ask For:
•Saffron Oil
•Therapeutic Essential Oils
•Herbal Teas
Pain-Care Joint Support $9.99
He-Oil For Men Only $19.99
Stress-Care Feel Relaxed $9.99
GLOBAL NATURAL REMEDIES

# ਬ੍ਰਿਟੇਨ ਤੇ ਯੂਰਪੀ ਯੂਨੀਅਨ ਵਿਚਾਲੇ ਬ੍ਰੈਗਜ਼ਿਟ ਸਮਝੌਤਾ ਸਿਰੇ ਲੱਗ ਗਿਆ

*** ਪ੍ਰਧਾਨ ਮੰਤਰੀ ਜਾਨਸਨ ਵੱਲੋਂ ਸਮਝੌਤੇ ਦੀ ਪੁਸ਼ਟੀ**

ਲੰਡਨ, 17 ਅਕਤੂਬਰ, (ਪੋਸਟ ਬਿਊਰੋ)- ਬਹੁਤ ਲੰਬੀ ਉਡੀਕ ਅਤੇ ਕਈ ਤਰ੍ਹਾਂ ਦੀ ਖਿੱਚੋਤਾਣ ਦੇ ਬਾਅਦ ਬ੍ਰਿਟੇਨ ਅਤੇ ਯੂਰਪੀ ਯੂਨੀਅਨ ਨੇ ਆਖਰ ਵਿੱਚ ਬ੍ਰੈਗਜ਼ਿਟ ਡੀਲ ਉੱਤੇ ਸਹਿਮਤੀ ਬਣਾ ਲਈ ਹੈ। ਪ੍ਰਧਾਨ ਮੰਤਰੀ ਬੋਰਿਸ ਜਾਨਸਨ ਅਤੇ ਯੂਰਪੀ ਕੌਂਸਲ ਦੇ ਪ੍ਰਧਾਨ ਨੇ ਅੱਜ ਵੀਰਵਾਰ ਇਸ ਦਾ ਐਲਾਨ ਕੀਤਾ ਹੈ। ਉਂਜ ਇਸ ਸਮਝੌਤੇ ਨੂੰ ਮਨਜ਼ੂਰੀ ਲਈ ਯੂਰਪੀ ਅਤੇ ਬ੍ਰਿਟਿਸ਼ ਪਾਰਲੀਮੈਂਟ ਦੀ ਮਨਜ਼ੂਰੀ ਦੀ ਜ਼ਰੂਰਤ ਹੋਵੇਗੀ।

ਅੱਜ ਇਹ ਸਮਝੌਤਾ ਸਿਰੇ ਚੜ੍ਹਨ ਨਾਲ ਉਤਸ਼ਾਹਤ ਹੋਏ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਕਿ ਬ੍ਰਿਟੇਨ ਨੂੰ ਇਸ ਸਮਝੌਤੇ ਨਾਲ ਅੱਗੇ ਵੱਧਣ ਦਾ ਮੌਕਾ ਮਿਲੇਗਾ ਤੇ ਅਸੀਂ ਦੁਨੀਆ ਦੇ ਦੇਸ਼ਾਂ ਨਾਲ ਨਵੇਂ ਵਪਾਰਕ ਸਬੰਧ ਕਾਇਮ ਕਰ ਸਕਾਂਗੇ। ਉਨ੍ਹਾਂ ਕਿਹਾ ਕਿ ਸੰਭਾਵਨਾ ਹੈ ਕਿ ਸਾਡੀਪਾਰਲੀਮੈਂਟ ਸ਼ਨੀਵਾਰ ਇਸ ਮਤੇ ਨੂੰ ਪਾਸ ਕਰ ਦੇਵੇਗੀ। ਵਰਨਣ ਯੋਗ ਹੈ ਕਿ ਬ੍ਰੈਗਜ਼ਿਟ (ਯੂਰਪੀਨ ਯੂਨੀਅਨ ਵਿੱਚ ਬ੍ਰਿਟੇਨ ਦੇ ਐਗਜ਼ਿਟ) ਦਾ ਸਮਝੌਤਾ ਸਿਰੇ ਨਾ ਚੜ੍ਹਨ ਦੇ ਕਾਰਨ ਹੀ ਸਾਬਕਾ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੂੰ ਆਪਣਾ ਅਹੁਦਾ ਛੱਡਣਾ ਪਿਆ ਸੀ।

ਦੂਸਰੇ ਪਾਸੇ ਯੂਰਪੀ ਯੂਨੀਅਨ ਦੇ 28 ਨੇਤਾਵਾਂ ਦੀ ਬੈਠਕ ਤੋਂ ਪਹਿਲਾਂ ਯੂਰਪੀ ਕੌਂਸਲ ਦੇ ਪ੍ਰਧਾਨ ਨੇ ਟਵੀਟ ਕੀਤਾ ਕਿ ਸਮਝੌਤਾ ਹੋ ਗਿਆ ਹੈ ਅਤੇਅਸੀਂ ਇਕੱਠੇ ਹਾਂ। ਇਹ ਯੂਰਪੀ ਯੂਨੀਅਨ ਅਤੇ ਬ੍ਰਿਟੇਨ ਦੋਵਾਂ ਧਿਰਾਂ ਲਈ ਨਿਰਪੱਖ ਅਤੇ ਸੰਤੁਲਿਤ ਸਮਝੌਤਾ ਹੈ। ਉਂਜ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਨਵੇਂ ਪ੍ਰਧਾਨ ਮੰਤਰੀ ਜਾਨਸਨ ਲਗਾਤਾਰ ਬ੍ਰੈਗਜ਼ਿਟ ਉੱਤੇ ਸਹਿਮਤੀ ਬਣਾਉਣ ਦੇ ਯਤਨ ਵਿੱਚ ਸਨ। ਯੂਰਪੀ ਯੂਨੀਅਨ ਦੇ ਪ੍ਰਧਾਨ ਐਂਟਨੀ ਰੀ ਨੇ ਬ੍ਰਿਟੇਨ ਨੂੰ ਚਿਤਾਵਨੀ ਤੱਕ ਵੀ ਦੇ ਦਿੱਤੀ ਸੀ, ਪਰ ਆਖਰ ਸਮਝੌਤਾ ਸਿਰੇ ਚੜ੍ਹ ਗਿਆ।

ਪ੍ਰਧਾਨ ਮੰਤਰੀ ਜਾਨਸਨ ਨੇ ਟਵੀਟ ਕਰ ਕੇ ਕਿਹਾ ਹੈ ਕਿ ਅਸੀਂ ਇਕ ਨਵੀਂ ਡੀਲ ਉੱਤੇ ਪਹੁੰਚਣ ਵਿੱਚ ਸਫਲ ਰਹੇ ਹਾਂ, ਅੱਗੋਂਪਾਰਲੀਮੈਂਟ ਨੂੰ ਸ਼ਨੀਵਾਰ ਨੂੰ ਇਸ ਡੀਲ ਨੂੰ ਮਨਜ਼ੂਰੀ ਦੇਣੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੀ ਨਵੀਆਂ ਪਹਿਲ ਕਦਮੀਆਂ ਵੱਲ ਵਧ ਸਕੀਏ। ਬ੍ਰਿਟੇਨ ਨੇ ਸਾਲ 2016 ਵਿੱਚ ਹੋਏ ਰਿਫਰੈਂਡਮ ਵਿੱਚ ਯੂਰਪੀ ਯੂਨੀਅਨ ਤੋਂ ਵੱਖਰੇ ਹੋਣ ਦਾ ਫੈਸਲਾ ਬਹੁ-ਸੰਮਤੀ ਨਾਲ ਕੀਤਾ ਸੀ। ਪ੍ਰਧਾਨ ਮੰਤਰੀ ਜਾਨਸਨ ਨੇ ਅਹੁਦਾ ਸੰਭਾਲਣ ਤੋਂ ਬਾਅਦ ਸਾਫ ਕੀਤਾ ਸੀ ਕਿ ਉਹ ਰਿਫਰੈਂਡਮ ਦੇ ਨਤੀਜੇ ਨੂੰ ਨਹੀਂ ਬਦਲਣਗੇ, ਪਰ ਉਨ੍ਹਾਂ ਕਿਹਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਥੈਰੇਸਾ ਮੇਅ ਦੇ ਵਿਦਡ੍ਰਾਲ ਐਗਰੀਮੈਂਟ ਦੀ ਥਾਂ ਨਵੇਂ ਸੌਦੇ ਉੱਤੇ ਜ਼ੋਰ ਦੇਣਗੇ। ਜਾਨਸਨ ਨੇ ਇਹ ਵੀ ਕਿਹਾ ਸੀ ਕਿ ਬ੍ਰਿਟੇਨ ਯੂਰਪੀ ਯੂਨੀਅਨ ਨੂੰ 31 ਅਕਤੂਬਰ ਨੂੰ ਸੌਦੇ ਦੇ ਨਾਲ ਜਾਂ ਸੌਦੇ ਤੋਂ ਬਿਨਾਂ ਵੀ ਛੱਡ ਦੇਵੇਗਾ।

# ਜਦੋਂ ਪਾਕਿਸਤਾਨ ਦੇ ਜੰਗੀ ਜਹਾਜ਼ਾਂ ਨੇ ਭਾਰਤ ਦਾ ਮੁਸਾਫਰ ਯਾਤਰੀ ਜਹਾਜ਼ ਘੇਰ ਲਿਆ

*** ਪਿਛਲੇ ਮਹੀਨੇ ਦੀ ਘਟਨਾ ਦਾ ਭੇਦ ਖੁੱਲ੍ਹਣ ਤੋਂ ਹਰ ਕੋਈ ਸੁੰਨ**

ਨਵੀਂ ਦਿੱਲੀ, 17 ਅਕਤੂਬਰ, (ਪੋਸਟ ਬਿਊਰੋ)- ਪਿਛਲੇ ਮਹੀਨੇ ਪਾਕਿਸਤਾਨੀ ਹਵਾਈ ਫ਼ੌਜ ਨੇ ਕੁਝ ਇਸ ਤਰ੍ਹਾਂ ਦਾ ਕਰ ਛੱਡਿਆ, ਜਿਸ ਨਾਲ ਭਾਰਤ ਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ ਹੋਰ ਵੀ ਵੱਧ ਸਕਦਾ ਸੀ।



ਭਰੋਸੇ ਯੋਗ ਵਸੀਲਿਆਂ ਨੇ ਭੇਦ ਖੋਲ੍ਹਿਆ ਹੈ ਕਿ ਪਿਛਲੇ ਮਹੀਨੇ ਪਾਕਿਤਸਾਨੀ ਹਵਾਈ ਫੌਜ ਦੇ ਐੱਫ-16 ਲੜਾਕੂ ਜਹਾਜ਼ਾਂ ਨੇ ਆਪਣੇ ਹਵਾਈ ਖੇਤਰ ਤੋਂ ਲੰਘ ਕੇ ਕਾਬੁਲ ਜਾਣ ਵਾਲੇ ਭਾਰਤ ਦੀ ਸਪਾਈਸ ਜੈੱਟ ਕੰਪਨੀ ਦੇ ਯਾਤਰੀ ਜਹਾਜ਼ ਨੂੰ ਲਗਪਗ ਇਕ ਘੰਟਾ ਘੇਰੀ ਰੱਖਿਆ। ਇਹੀ ਨਹੀਂ, ਉਨ੍ਹਾਂ ਨੇ ਉਸ ਭਾਰਤੀ ਜਹਾਜ਼ ਦੇ ਪਾਇਲਟ ਨੂੰ ਇਸ ਦੀ ਉਚਾਈ ਘੱਟ ਕਰਨ ਅਤੇ ਉਡਾਨ ਦੇ ਸਾਰੇ ਵੇਰਵੇ ਦੱਸਣ ਦੇ ਨਾਲ ਉਨ੍ਹਾਂ ਨੂੰ ਰਿਪੋਰਟ ਕਰਨ ਲਈ ਕਿਹਾ। ਇਸ ਦੌਰਾਨ ਥੋੜ੍ਹੀ ਜਿਹੀ ਗ਼ਲਤੀ ਨਾਲ ਵੀ ਕੁਝ ਦਾ ਕੁਝ ਮਾੜਾ ਵਾਪਰ ਸਕਦਾ ਸੀ। ਇੱਕ ਸਮਾਚਾਰ ਏਜੰਸੀ ਅਨੁਸਾਰ 23 ਸਤੰਬਰ ਦੀ ਇਸ ਘਟਨਾ ਵਿੱਚ ਸ਼ਾਮਲ ਸਪਾਈਸ ਜੈੱਟ ਫਲਾਈਟ ਐੱਸ ਜੀ-21 ਉਸ ਦਿਨ ਦਿੱਲੀ ਤੋਂ ਕਾਬੁਲ ਨੂੰ ਚੱਲੀ ਸੀ, ਜਿਸ ਵਿੱਚ 120 ਦੇ ਕਰੀਬ ਯਾਤਰੀ ਸਨ। ਇਸ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਘਟਨਾ ਉਸ ਵੇਲੇ ਦੀ ਹੈ,ਜਦੋਂ ਪਾਕਿਸਤਾਨ ਦਾ ਹਵਾਈ ਖੇਤਰ ਭਾਰਤ ਲਈ ਹਾਲੇ ਬੰਦ ਨਹੀਂ ਸੀ ਕੀਤਾ ਗਿਆ। ਏਜੰਸੀ ਸੂਤਰਾਂ ਨੇ ਦੱਸਿਆ ਕਿ ਸਪਾਈਸ ਜੈੱਟ ਦੇ ਪਾਇਲਟ ਨੇ ਪਾਕਿਸਤਾਨੀ ਐੱਫ-16 ਜੈੱਟ ਪਾਇਲਟਾਂ ਨੂੰ ਜਾਣਕਾਰੀ ਦੇ ਕੇ ਕਿਹਾ, 'ਇਹ ਸਪਾਈਸ ਜੈੱਟ, ਭਾਰਤੀ ਕਮਰਸ਼ੀਅਲ ਜਹਾਜ਼ ਹੈ, ਜਿਹੜਾ ਯਾਤਰੀਆਂ ਨੂੰ ਲਿਜਾ ਰਿਹਾ ਹੈ ਤੇ ਸ਼ਡਿਊਲ ਅਨੁਸਾਰ ਕਾਬੁਲ ਜਾ ਰਿਹਾ ਹੈ।' ਜਦੋਂ ਐੱਫ-16 ਜਹਾਜ਼ਾਂ ਨੇ ਸਪਾਈਸ ਜੈੱਟ ਦਾ ਜਹਾਜ਼ ਘੇਰਿਆ ਸੀ ਤਾਂ ਪਾਕਿਸਤਾਨੀ ਜੈੱਟ ਅਤੇ ਉਨ੍ਹਾਂ ਦੇ ਪਾਇਲਟ ਭਾਰਤੀ ਜਹਾਜ਼ ਦੇ ਯਾਤਰੀਆਂ ਨੂੰ ਦਿੱਸ ਰਹੇ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○ 1:1 Training
➔ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST NOW HIRING! SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋਂ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593





ਐਂਡਰਿਊ ਸੀਅਰ 17 ਅਕਤੂਬਰ ਨੂੰ ਇਕ ਟਰੱਕਿੰਗ ਕੰਪਨੀ ਵਿਚ ਪੁਜ। ਇਸ ਦੌਰਾਨ ਉਹਨਾਂ ਬਰੈਂਪਟਨ ਅਤੇ ਆਸ ਪਾਸ ਦੇ ਉਮੀਦਵਾਰਾਂ ਦੀ ਕੈਂਪੇਨ ਨੂੰ ਹੁਲਾਰਾ ਦਿੰਦੇ ਹੋਏ ਕਿਹਾ ਕਿ ਸਰਕਾਰ ਉਹ ਵੀ ਚਲਾਏਗਾ ਜੇਕਰ ਬਹੁ ਮੱਤ ਨਾ ਮਿਲਿਆ ਤਾਂ ਜਿਸ ਨੂੰ ਸਭ ਤੋਂ ਸਭ ਤੋ ਵੱਧ ਸੀਟਾ ਮਿਲਣਗੀਆਂ ਨਾ ਕੇ ਉਹ ਦੂਜੀ ਪਾਰਟੀ ਨਾਲ ਮਿਲਕੇ ਆਪਣੀ ਸਰਕਾਰ ਬਣਾ ਸਕਦਾ ਹੈ। ਉਨ੍ਹਾਂ ਕਿਹਾ ਕਿ ਟਰੂਡੋ ਸਿਰਫ ਲੋਕਾਂ ਦਾ ਪੈਸਾ ਖਰਾਬ ਕਰਨਾ ਜਾਣਦਾ ਹੈ ਕੈਨੇਡੀਅਨ ਲੋਕਾਂ ਦੀ ਕੋਈ ਬੱਚਤ ਨਹੀਂ ਕਰ ਸਕਦਾ।

-ਸੁਰਜੀਤ ਸਿੰਘ ਫਲੋਰਾ

# ਅਯੋਧਿਆ ਕੇਸ: ਸੁੰਨੀ ਵਕਫ਼ ਬੋਰਡ ਨੇ ਵਿਚੋਲਗੀ ਪੈਨਲ ਨੂੰ ਸਮਝੌਤੇ ਲਈ ਤਜਵੀਜ਼ ਦਿੱਤੀ ਮੰਨੀ

ਲਖਨਊ, 17 ਅਕਤੂਬਰ, (ਪੋਸਟ ਬਿਊਰੋ)- ਅਯੁੱਧਿਆ ਵਿੱਚਰਾਮ ਜਨਮਭੂਮੀ ਉੱਤੇ ਮਾਲਕੀ ਹੱਕ ਦੇ ਮੁਕੱਦਮੇ ਸਬੰਧੀ ਚਰਚਾ ਨੂੰ ਸੁੰਨੀ ਵਕਫ ਬੋਰਡ ਨੇ ਰੱਦ ਕਰ ਦਿੱਤਾ ਹੈ। ਬੋਰਡ ਦੇ ਪ੍ਰਧਾਨ ਜ਼ਫ਼ਰ ਫਾਰੂਕੀ ਨੇ ਕਿਹਾ ਕਿ ਸੁਪਰੀਮ ਕੋਰਟਨੂੰ ਸੁੰਨੀ ਵਕਫ਼ ਬੋਰਡ ਨੇ ਅਪੀਲ ਵਾਪਸ ਲੈਣ ਦਾ ਕੋਈ ਹਲਫ਼ਨਾਮਾ ਨਹੀਂ ਦਿੱਤਾ, ਪਰ ਵਿਚੋਲਗੀ ਪੈਨਲ ਨੂੰ ਸਮਝੌਤੇ ਲਈ ਇਕ ਤਜਵੀਜ਼ ਜ਼ਰੂਰ ਦਿੱਤੀ ਹੈ। ਕਿਉਂਕਿ 18 ਸਤੰਬਰ 2019 ਦੇ ਸੁਪਰੀਮ ਕੋਰਟ ਦੇ ਫ਼ੈਸਲੇ ਕਾਰਨ ਇਸ ਨੂੰ ਗੁਪਤ ਰੱਖਿਆ ਜਾਣਾ ਹੈ, ਇਸ ਲਈ ਸਮਝੌਤੇ ਦੇ ਨੁਕਤਿਆਂ ਬਾਰੇ ਉਹ ਨਹੀਂ ਦੱਸ ਸਕਦੇ।

ਅੱਜ ਵੀਰਵਾਰ ਨੂੰ ਦਿੱਲੀ ਤੋਂਲਖਨਊ ਵਾਪਸ ਆਏ ਜ਼ਫ਼ਰ ਫਾਰੂਕੀ ਨੇ ਕੁਝ ਪੱਤਰਕਾਰਾਂ ਨੂੰਆਖਿਆ ਕਿ ਮੈਂ ਨਹੀਂ ਜਾਣਦਾ ਕਿ ਸੁਣਵਾਈ ਦੇ ਆਖ਼ਰੀ ਦਿਨ ਦਾਅਵਾ ਵਾਪਸ ਲੈਣ ਦੀ ਗੱਲ ਕਿੱਥੋਂ ਸਾਹਮਣੇ ਆਈ, ਇਹ ਨਿਰੀ ਅਫ਼ਵਾਹ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜੇ ਸੰਬੰਧਤ ਧਿਰਾਂ ਚਾਹੁਣ ਤਾਂ ਉਸ ਵਿਚੋਲਗੀ ਪੈਨਲ ਕੋਲ ਸਮਝੌਤੇ ਦੀ ਤਜਵੀਜ਼ ਦੇ ਸਕਦੀਆਂ ਹਨ, ਇਸੇ ਲਈ ਮੈਂ ਅਤੇ ਕੁਝ ਹੋਰਨਾਂ ਨੇ ਸਮਝੌਤੇ ਦੀ ਤਜਵੀਜ਼ ਦਿੱਤੀ ਹੈ। ਉਂਜ ਜ਼ਫ਼ਰ ਫਾਰੂਕੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਸੁਣਵਾਈ ਦੇ ਆਖ਼ਰੀ ਦਿਨ ਵਿਚੋਲਗੀ ਪੈਨਲ ਨੂੰ ਸਮਝੌਤੇ ਲਈ ਤਜਵੀਜ਼ ਦਿੱਤੀ ਗਈ ਹੈ। ਚਰਚਾ ਹੈ ਕਿ ਅਯੁੱਧਿਆ ਕੇਸ ਵਿਚ ਸੁੰਨੀ ਵਕਫ਼ ਬੋਰਡ ਦੇ ਮੈਂਬਰਾਂ ਨੂੰ ਵੀ ਬੋਰਡ ਦੇ ਵੱਡੇ ਫ਼ੈਸਲਿਆਂ ਦੀ ਜਾਣਕਾਰੀ ਨਹੀਂ ਹੁੰਦੀ, ਇਸ ਲਈ ਤਜਵੀਜ਼ ਦਿੱਤੀ ਹੋਣ ਦਾ ਕਿਸੇ ਨੂੰ ਪਤਾ ਨਹੀਂ, ਪਰ ਜ਼ਫਰ ਦਾ ਜਵਾਬ ਸੀ ਕਿ ਵਕਫ਼ ਬੋਰਡ ਨੇ ਬਹੁਮੱਤ ਨਾਲ ਅਯੁੱਧਿਆ ਕੇਸ ਦੇ ਸਾਰੇ ਅਧਿਕਾਰ ਮੈਨੂੰ (ਪ੍ਰਧਾਨ ਨੂੰ) ਦੇ ਦਿੱਤੇ ਹਨ। ਸੁਣਵਾਈ ਵਿੱਚ ਪੱਖ ਰੱਖਣ ਤੋਂ ਲੈ ਕੇ ਵਿਚੋਲਗੀ ਪੈਨਲਨਾਲ ਸਮਝੌਤੇ ਬਾਰੇ ਹਰ ਗੱਲਦਾ ਅਧਿਕਾਰ ਪ੍ਰਧਾਨ ਨੂੰ ਦਿੱਤਾ ਗਿਆ ਹੈ। ਬੋਰਡਦੇ ਦੋ ਮੈਂਬਰ ਕਦੇ ਕਿਸੇ ਮੀਟਿੰਗ ਵਿਚ ਨਹੀਂ ਆਏ, ਸਿਰਫ਼ ਉਨ੍ਹਾਂ ਨੂੰ ਇਸ ਉੱਤੇ ਇਤਰਾਜ਼ ਹੈ, ਬਾਕੀ ਸਾਰੇ ਮੈਂਬਰ ਇਕੱਠੇ ਹਨ। ਜ਼ਫਰ ਨੇ ਕਿਹਾ, 'ਇਸ ਕੇਸ ਵਿੱਚ ਸੁਪਰੀਮ ਕੋਰਟ ਦਾ ਜੋ ਵੀ ਫ਼ੈਸਲਾ ਆਵੇਗਾ, ਉਹ ਸਾਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਹੋਵੇਗਾ।'

# ਬਰੈਂਪਟਨ ਈਸਟ ਤੋਂ ਤੁਹਾਡੀ ਵੋਟ ਦਾ ਸਹੀ ਹੱਕਦਾਰ ਮਨਿੰਦਰ ਸਿੰਘ ਸਿੱਧੂ

...ਪੰਨਾ 1 ਦਾ ਬਾਕੀ

ਉਸਦਾ ਮੰਨਣਾ ਹੈ ਕਿ ਕਮਿਊਨਿਟੀ ਦੀ ਸੇਵਾ ਕਰਨ ਨਾਲ ਸੰਤੁਸ਼ਟੀ ਮਿਲਦੀ ਹੈ ਪਰ ਨੌਜਵਾਨਾਂ ਨੂੰ ਸਹੀ ਸੇਧ ਦੇਣਾ ਉਸਦਾ ਵਿਸ਼ੇਸ਼ ਗੁਣ ਹੈ। ਮਨਿੰਦਰ ਮੁਤਾਬਕ ਕੈਨੇਡੀਅਨ ਮੱਧ ਵਰਗੀ ਪਰਿਵਾਰਾਂ ਦੇ ਬੱਚਿਆਂ ਨੂੰ ਸਹੀ ਦਿਸ਼ਾ ਨਿਰਦੇਸ਼ ਮਿਲ ਜਾਵੇ ਤਾਂ ਉਹ ਜੀਵਨ ਵਿੱਚ ਬਹੁਤ ਵੱਡੀ ਪ੍ਰਾਪਤੀ ਕਰ ਸਕਦੇ ਹਨ।

ਬਰੈਂਪਟਨ ਈਸਟ ਰਾਈਡਿੰਗ ਬਾਰੇ ਜੋ ਸਰਵੇਖਣ ਹੁਣ ਤੱਕ ਨੈਨੋਜ਼/ਸੀ ਟੀ ਵੀ, ਮੇਨਸਟਰੀਮ, ਐਬਾਕਸ, ਐਨਗਸ ਆਦਿ ਏਜੰਸੀਆਂ ਨੇ ਕੀਤੇ ਹਨ, ਉਹਨਾਂ ਦੀ ਪੜਚੋਲ ਦੇ ਸਿੱਟੇ ਦੱਸਦੇ ਹਨ ਕਿ ਇੱਥੇ ਤੋਂ ਮਨਿੰਦਰ ਸਿੱਧੂ ਦੇ ਜਿੱਤਣ ਦੇ ਆਸਾਰ ਬਹੁਤ ਜ਼ਿਆਦਾ ਹਨ। ਹਾਲਾਂਕਿ ਐਨ ਡੀ ਪੀ ਲੀਡਰ ਜਗਮੀਤ ਸਿੰਘ ਦੀ ਇਸ ਰਾਈਡਿੰਗ ਵਿੱਚ ਵਿਸ਼ੇਸ਼ ਰੁਚੀ ਹੈ ਕਿਉਂਕਿ ਉਹ ਇਸਨੂੰ ਆਪਣੀ 'ਹੋਮ ਰਾਈਡਿੰਗ' ਮੰਨਦਾ ਹੈ ਪਰ ਇਸਦੇ ਬਾਵਜੂਦ ਕਮਿਊਨਿਟੀ ਪੱਧਰ ਉੱਤੇ ਮਨਿੰਦਰ ਨੂੰ ਮਿਲ ਰਿਹਾ ਸਮਰੱਥਨ ਉਸਦੀ ਸਥਿਤੀ ਨੂੰ ਮਜ਼ਬੂਤੀ ਬਖਸ਼ਦਾ ਹੈ। ਫੈਡਰਲ ਮੰਤਰੀ ਨਵਦੀਪ ਸਿੰਘ ਬੈਂਸ ਸਮੇਤ ਲਿਬਰਲ ਪਾਰਟੀ ਦੇ ਸਮਰੱਥਕ ਸੈਂਕੜੇ ਵਾਲੰਟੀਅਰਾਂ ਦੀ ਟੀਮ ਉਸ ਦੀ ਜਿੱਤ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੀ ਹੈ।

# ਕਸ਼ਮੀਰ ਵਿੱਚ ਪੰਜਾਬ ਦੇ ਸੇਬ ਵਪਾਰੀਆਂ ਦੇ ਕਤਲਾਂ ਤੋਂ ਕੈਪਟਨ ਅਮਰਿੰਦਰ ਗੁੱਸੇ ਵਿੱਚ

* ਅੱਤਵਾਦੀਆਂ ਨੂੰ ਚੁਣੌਤੀ: ਤੁਹਾਨੂੰ ਭੁਗਤਣਾ ਪਵੇਗਾ

ਚੰਡੀਗੜ੍ਹ, 17 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਦੋ ਸੇਬ ਵਪਾਰੀਆਂ ਚਰਨਜੀਤ ਸਿੰਘ ਤੇ ਸੰਜੀਵ ਸਿੰਘ ਸਮੇਤ ਤਿੰਨ ਜਣਿਆਂ ਨੂੰ ਜੰਮੂ ਕਸ਼ਮੀਰ ਦੇ ਸ਼ੋਪੀਆ ਵਿਚ ਸ਼ੱਕੀ ਅਤਿਵਾਦੀਆਂ ਵਲੋਂਗੋਲੀਆਂ ਮਾਰ ਦੇਣ ਨਾਲ ਚਰਨਜੀਤ ਸਿੰਘ ਦੀ ਮੌਕੇ ਉੱਤੇਮੌਤ ਹੋ ਗਈ, ਪਰ ਸੰਜੀਵ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਹੈ।



ਵਰਨਣ ਯੋਗ ਹੈ ਕਿ ਇਹ ਦੋਵੇਂ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਤੋਂ ਇੱਥੇ ਕਾਰੋਬਾਰੀ ਕੰਮਾਂ ਦੇ ਲਈ ਆਏ ਸਨ। ਇਸ ਬਾਰੇ ਇੱਕ ਟਵੀਟ ਰਾਹੀਂ ਦੁੱਖ ਤੇ ਰੋਸ ਪ੍ਰਗਟ ਕਰਦੇ ਹੋਏਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਇਸ ਹਮਲੇ ਵਿਚ ਮਾਰੇ ਗਏ ਚਰਨਜੀਤ ਸਿੰਘ ਦੀ ਮ੍ਰਿਤਕ ਦੇਹ ਜਲਦੀ ਉਸ ਦੇ ਘਰ ਫਾਜ਼ਿਲਕਾ ਲਿਆਂਦੀ ਜਾਵੇਗੀ ਤੇ ਜੰਮੂ-ਕਸ਼ਮੀਰ ਵਿਚ ਪਾਕਿਸਤਾਨੀ ਅਤਿਵਾਦੀਆਂ ਦੀਆਂ ਘਟੀਆ ਹਰਕਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਇਨ੍ਹਾਂ ਲੋਕਾਂ ਨੂੰ ਮੂੰਹ ਤੋੜ ਜਵਾਬ ਦੇਵੇਗੀ। ਜੰਮੂ-ਕਸ਼ਮੀਰ ਵਿੱਚ ਅਤਿਵਾਦੀ ਲਗਾਤਾਰ ਆਮ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਤੋਂ 2 ਦਿਨ ਪਹਿਲਾਂ ਕਸ਼ਮੀਰ ਵਿੱਚਉਨ੍ਹਾਂ ਨੇ ਇਕ ਟਰੱਕ ਡਰਾਈਵਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਨੇ ਪੰਜਾਬੀ ਵਪਾਰੀਆਂ ਉਤੇ ਹਮਲੇ ਤੋਂ ਪਹਿਲਾਂ ਪੁਲਵਾਮਾ ਵਿੱਚ ਇਕ ਮਜ਼ਦੂਰ ਦਾ ਕਤਲ ਕੀਤਾ ਸੀ, ਜਿਹੜਾ ਛੱਤੀਸਗੜ੍ਹ ਦਾ ਰਹਿਣ ਵਾਲਾ ਸੀ। ਉਹ ਇੱਥੇ ਇੱਟ-ਭੱਠੇਉੱਤੇ ਕੰਮ ਕਰਦਾ ਸੀ। ਤਾਜ਼ਾ ਘਟਨਾ ਬਾਰੇ ਮੀਡੀਆ ਰਿਪੋਰਟਾਂ ਮੁਤਾਬਕ ਅਤਿਵਾਦੀਆਂ ਨੇ ਪੰਜਾਬ ਦੇ ਸੇਬ ਵਪਾਰੀਆਂ ਚਰਨਜੀਤ ਸਿੰਘ ਤੇ ਸੰਜੀਵ ਸਿੰਘ ਨੂੰ ਸ਼ਾਮ 7:30 ਵਜੇ ਗੋਲੀਆਂ ਮਾਰੀਆਂ। ਇੱਕ ਪੁਲਿਸ ਅਧਿਕਾਰੀ ਮੁਤਾਬਕ ਤਿੰਨ-ਚਾਰ ਅਤਿਵਾਦੀਆਂ ਨੇ ਚਰਨਜੀਤ ਸਿੰਘ ਤੇ ਸੰਜੀਵ ਸਿੰਘ ਨੂੰ ਗੋਲੀਆਂ ਮਾਰੀਆਂ, ਜਿਸ ਵਿੱਚ ਚਰਨਜੀਤ ਸਿੰਘ ਦੀ ਮੌਤ ਹੋ ਗਈ ਤੇ ਸੰਜੀਵ ਸਿੰਘ ਇਸ ਵੇਲੇ ਨਾਜ਼ੁਕ ਹਾਲਤ ਵਿਚ ਪੁਲਵਾਮਾ ਦੇ ਇੱਕ ਹਸਪਤਾਲ ਵਿੱਚਦਾਖਲ ਹੈ।

# ਫਲੈਗ ਮੀਟਿੰਗ ਮੌਕੇ ਬੰਗਲਾਦੇਸ਼ੀ ਬਾਰਡਰ ਗਾਰਡ ਨੇ ਗੋਲੀ ਚਲਾ ਦਿੱਤੀ

* ਬੀ ਐੱਸ ਐੱਫਦਾ ਇੱਕ ਜਵਾਨ ਹਲਾਕ, ਇਕ ਜ਼ਖ਼ਮੀ

ਕੋਲਕਾਤਾ, 17 ਅਕਤੂਬਰ, (ਪੋਸਟ ਬਿਊਰੋ)- ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਵਿੱਚ ਭਾਰਤ-ਬੰਗਲਾਦੇਸ਼ ਸਰਹੱਦੀ ਖੇਤਰ ਵਿੱਚਅੱਜ ਵੀਰਵਾਰ ਫਲੈਗ ਮੀਟਿੰਗ ਦੌਰਾਨ ਬੰਗਲਾਦੇਸ਼ ਬਾਰਡਰ ਗਾਰਡ (ਬੀ ਜੀ ਬੀ) ਵੱਲੋਂ ਗੋਲੀ ਚਲਾਉਣ ਦੇ ਕਾਰਨ ਬੀ ਐੱਸ ਐੱਫ ਦੇ ਹਵਾਲਦਾਰ ਵਿਜੈ ਭਾਨ ਸਿੰਘ ਦੀ ਮੌਤ ਹੋ ਗਈ। ਗੋਲੀ ਉਸ ਦੇ ਸਿਰ ਵਿਚ ਲੱਗੀ ਸੀ। ਇਕ ਹੋਰ ਜਵਾਨ ਜ਼ਖ਼ਮੀ ਹੋਇਆ ਹੈ। ਇਹ ਗੋਲੀਬੀ ਐੱਸ ਐੱਫ ਦੀ ਪੈਟਰੋਲ ਪਾਰਟੀ ਉੱਤੇਚਲਾਈ ਗਈ ਹੈ।

ਬੀ ਐੱਸ ਐੱਫ ਦੇ ਦੱਖਣ ਬੰਗਾਲ ਫਰੰਟੀਅਰ ਦੇ ਅਫਸਰਾਂ ਮੁਤਾਬਕ ਮੁਰਸ਼ਿਦਾਬਾਦ ਦੀ ਕਕਮਾਰੀਚਰ ਚੌਕੀ ਦੇ ਇਲਾਕੇ ਵਿਚਇਹ ਘਟਨਾ ਵੀਰਵਾਰ ਸਵੇਰੇ 9 ਵਜੇ ਵਾਪਰੀ। ਹਸਪਤਾਲ ਲਿਜਾਣ ਉੱਤੇ ਹੈੱਡ ਕਾਂਸਟੇਬਲ ਵਿਜੈ ਦੀ ਮੌਤ ਹੋ ਗਈ। ਬੀ ਐੱਸ ਐੱਫ ਸੂਤਰਾਂ ਮੁਤਾਬਕਬੀ ਜੀ ਬੀ ਦੇ ਜਵਾਨਾਂ ਨੇ ਜਾਣ-ਬੁਝ ਕੇ ਗੋਲੀ ਚਲਾਈ ਤੇ ਉਨ੍ਹਾਂ ਦੇ ਜਵਾਨਾਂ ਨੂੰ ਨਿਸ਼ਾਨਾ ਬਣਾਇਆ ਹੈ। ਵਰਨਣ ਯੋਗ ਹੈ ਕਿ ਬੀ ਐੱਸ ਐੱਫਅਤੇ ਬੀ ਜੀ ਬੀ ਵਿਚਾਲੇ ਕਈ ਦਹਾਕਿਆਂ ਤੋਂਚੰਗੇ ਸਬੰਧ ਹਨ ਤੇ ਅਚਾਨਕ ਇਹ ਘਟਨਾ ਵਾਪਰ ਗਈ ਹੈ। ਇਸ ਤੋਂ ਪਹਿਲਾਂ ਸਰਹੱਦ ਦੀ ਰਾਖੀ ਵਾਲੀਆਂ ਦੋਵਾਂ ਫੋਰਸਾਂ ਵਿਚ ਗੋਲੀਬਾਰੀ ਦੀ ਕੋਈ ਘਟਨਾ ਨਹੀਂ ਵਾਪਰੀ। ਇਸ ਤੋਂ ਬਾਅਦ ਸਰਹੱਦ ਉੱਤੇ ਸੁਰੱਖਿਆ ਵਧਾ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਭਾਰਤੀ ਮਛੇਰਿਆਂ ਨੂੰ ਬੰਦੀ ਬਣਾਉਣ ਨਾਲ ਘਟਨਾ ਦੀ ਸ਼ੁਰੂਆਤ ਹੋਈ। ਮੁਰਸ਼ਿਦਾਬਾਦ ਵਿੱਚ ਕੌਮਾਂਤਰੀ ਸਰਹੱਦ ਨਾਲ ਦੇ ਜਲੰਗੀ ਇਲਾਕੇ ਵਿਚ ਪਦਮਾ ਨਦੀ ਵਿੱਚ ਵੀਰਵਾਰ ਸਵੇਰੇ ਮੱਛੀ ਫੜਨ ਗਏ ਤਿੰਨ ਭਾਰਤੀ ਮਛੇਰਿਆਂ ਨੂੰ ਬੀ ਜੀ ਬੀ ਜਵਾਨਾਂ ਨੇ ਫੜ ਲਿਆ ਸੀ। ਬਾਅਦ ਵਿੱਚ ਦੋ ਮਛੇਰਿਆਂ ਨੂੰ ਛੱਡ ਦਿੱਤਾ ਅਤੇ ਉਨ੍ਹਾਂ ਨੇ ਬੀ ਐੱਸ ਐੱਫ ਨੂੰ ਇਸ ਬਾਰੇ ਦੱਸਿਆ। ਬੀ ਜੀ ਬੀ ਨੇ ਮਛੇਰਿਆਂ ਦੇ ਰਾਹੀਂ ਬੀ ਐੱਸ ਐੱਫ ਨੂੰ ਫਲੈਗ ਮੀਟਿੰਗ ਕਰਨ ਲਈਕਿਹਾ ਸੀ। ਇਸ ਤੋਂ ਬਾਅਦ ਜਦੋਂ ਮਛੇਰਿਆਂ ਦੀ ਭਾਲ ਵਿੱਚਬੀ ਐੱਸ ਐੱਫ ਜਵਾਨ ਕਿਸ਼ਤੀ ਉੱਤੇ ਜਾ ਰਹੇ ਸਨ ਤਾਂ ਬੀ ਜੀ ਬੀ ਦੇ ਜਵਾਨਾਂ ਨੇ ਅਚਾਨਕ ਏਕੇ-47 ਰਾਈਫਲਾਂ ਨਾਲ ਉਨ੍ਹਾਂ ਉੱਤੇ ਗੋਲੀਆਂ ਵਰ੍ਹਾ ਦਿੱਤੀਆਂ।

ਇਸ ਘਟਨਾ ਨਾਲ ਭਾਰਤ-ਬੰਗਲਾਦੇਸ਼ ਸਰਹੱਦ ਉੱਤੇ ਤਣਾਅ ਵਧ ਗਿਆ ਹੈ। ਬੀ ਐੱਸ ਐੱਫ ਵਿੱਚ ਇਸ ਬਾਰੇ ਰੋਸ ਹੈ ਅਤੇ ਉਸ ਨੇ ਇਸ ਉੱਤੇ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਬੀ ਐੱਸ ਐੱਫ ਦੇ ਡਾਇਰੈਕਟਰ ਜਨਰਲ ਵੀ ਕੇ ਜੌਹਰੀ ਨੇ ਨਾਰਾਜ਼ਗੀ ਪ੍ਰਗਟ ਕਰਦਿਆਂ ਬੀ ਜੀ ਬੀ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਸ਼ਫੀਨੁੱਲ ਇਸਲਾਮ ਨਾਲ ਹਾਟਲਾਈਨ ਉੱਤੇ ਗੱਲ ਕਰ ਕੇ ਇਹ ਮੁੱਦਾ ਉਠਾਇਆ। ਇਸ ਤੋਂ ਬਾਅਦ ਬੀ ਜੀ ਬੀ ਦੇ ਡਾਇਰੈਕਟਰ ਜਨਰਲ ਨੇ ਇਸ ਘਟਨਾ ਦੀ ਡਾਂਚ ਦਾ ਭਰੋਸਾ ਦੇਂਦੇ ਹੋਏ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਵਿਸ਼ਵਾਸ ਦਿਵਾਇਆ ਹੈ।

# ਸੀਰੀਆ ਵਿੱਚ ਸ਼ਾਂਤੀ ਸਥਾਪਤੀ ਲਈ ਪਹਿਲ ਵਜੋਂ ਅਮਰੀਕੀ ਉਪ ਰਾਸ਼ਟਰਪਤੀ ਤੁਰਕੀ ਪਹੁੰਚੇ

ਵਾਸ਼ਿੰਗਟਨ, 17 ਅਕਤੂਬਰ, (ਪੋਸਟ ਬਿਊਰੋ)- ਸੀਰੀਆ ਵਿੱਚ ਜੰਗਬੰਦੀ ਬਾਰੇ ਅਮਰੀਕਾ ਨੇ ਇਕ ਨਵੀਂ ਪਹਿਲ ਕੀਤੀ ਹੈ। ਉਸ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਇਸ ਵੇਲੇ ਤੁਰਕੀ ਵਿੱਚ ਹਨ, ਇਸ ਯਾਤਰਾ ਦਾ ਮਕਸਦ ਉੱਤਰੀ ਸੀਰੀਆ ਵਿੱਚ ਤੁਰਕੀ ਦੇ ਹਮਲੇ ਰੋਕਣਾ ਹੈ। ਇਹ ਯਾਤਰਾ ਓਦੋਂਹੋ ਰਹੀ ਹੈ,ਜਦੋਂ ਯੂਰਪ ਤੇ ਅਮਰੀਕਾ ਦੀ ਅਪੀਲ ਨੂੰ ਲਾਂਭੇ ਕਰਕੇ ਤੁਰਕੀ ਨੇ ਉੱਤਰੀ ਸੀਰੀਆ ਵਿੱਚ ਕੁਰਦਾਂ ਉੱਤੇ ਹਮਲੇ ਜਾਰੀ ਰੱਖੇ ਹੋਏ ਹਨ।

ਅਮਰੀਕੀ ਉੱਪ ਰਾਸ਼ਟਰਪਤੀ ਮਾਈਕ ਪੈਂਸ ਦੀ ਯਾਤਰਾ ਕਿੰਨੀ ਲਾਹੇਵੰਦੀ ਹੋਵੇਗੀ, ਇਹ ਸੋਚੇ ਬਿਨਾਂ ਅਮਰੀਕਾ ਨੇ ਆਪਣੀ ਡਿਪਲੋਮੈਟਿਕ ਪਹਿਲ ਤੇਜ਼ ਕਰ ਦਿੱਤੀ ਹੈ। ਉਪ ਰਾਸ਼ਟਰਪਤੀ ਮਾਈਕ ਪੈਂਸ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਬ ਆਰਦੋਗਾਨ ਨਾਲ ਮੁਲਾਕਾਤ ਕਰ ਕੇ ਸ਼ਾਂਤੀ ਦਾ ਰਾਹ ਲੱਭਣਗੇ।

ਦੂਸਰੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਬ ਆਰ-ਦੋਗਾਨ ਨੂੰ ਚਿੱਠੀ ਲਿਖ ਕੇ ਚਿਤਾਵਨੀ ਦਿੱਤੀ ਅਤੇ ਕਿਹਾ ਕਿ 'ਮੂਰਖ ਨਾ ਬਣੋ, ਹੋਸ਼ ਵਿੱਚ ਆਓ, ਵਰਨਾ ਸਜ਼ਾ ਭੁਗਤਣ ਨੂੰ ਤਿਆਰ ਰਹੋ।' ਟਰੰਪ ਨੇ ਕਿਹਾ ਕਿ ਤੁਸੀਂ ਹਜ਼ਾਰਾਂ ਲੋਕਾਂ ਦੇ ਕਤਲੇਆਮ ਲਈ ਜ਼ਿੰਮੇਦਾਰ ਨਹੀਂਬਣਨਾ ਚਾਹੁੰਦੇ ਅਤੇ ਮੈਂ ਤੁਰਕੀ ਦੀ ਅਰਥਵਿਵਸਥਾ ਨੂੰ ਨਸ਼ਟ ਕਰਨ ਦਾ ਜ਼ਿੰਮੇਦਾਰ ਨਹੀਂਹੋਣਾ ਚਾਹੁੰਦਾ। ਉਨ੍ਹਾ ਕਿਹਾ ਕਿ ਦੁਨੀਆ ਨੂੰ ਨਿਰਾਸ਼ ਨਾ ਕਰੋ। ਇਹ ਵੇਲਾ ਹੈ,ਜਦੋਂ ਤੁਸੀਂ ਮਹਾਨ ਸਮਝੌਤਾ ਕਰ ਸਕਦੇ ਹੋ। ਜਨਰਲ ਮਜ਼ਲੂਮ ਤੁਹਾਡੇ ਨਾਲ ਗੱਲ ਕਰਨ ਨੂੰ ਰਾਜ਼ੀ ਹਨ। ਉਹ ਛੋਟਾਂ ਦੇਣ ਲਈ ਵੀ ਤਿਆਰ ਹਨ। ਦੁਨੀਆ ਨੂੰ ਨਿਰਾਸ਼ ਨਾ ਕਰੋ। ਤੁਸੀਂ ਇਕ ਮਹਾਨ ਸਮਝੌਤਾ ਕਰ ਸਕਦੇ ਹੋ।

ਟਰੰਪ ਨੇ ਤੁਰਕੀ ਦੇ ਰਾਸ਼ਟਰਪਤੀ ਨੂੰ ਉਸ ਵੇਲੇ ਚਿੱਠੀ ਲਿਖੀ,ਜਦੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫੋਨ ਕਰਕੇ ਆਰਦੋਗਾਨ ਨੂੰ ਸੀਰੀਆ ਦਾ ਮੁੱਦਾ ਸੁਲਝਾਉਣ ਦੀ ਨਸੀਹਤ ਦਿੱਤੀ ਹੈ। ਇਸ ਬਾਰੇ ਵਲਾਦੀਮੀਰ ਨੇ ਉਨ੍ਹਾਂ ਨੂੰ ਮਾਸਕੋ ਆਉਣ ਦਾ ਵੀ ਸੱਦਾ ਦਿੱਤਾ ਹੈ।ਯੂ ਐੱਨ ਓ ਮੁਤਾਬਕ ਉੱਤਰੀ ਸੀਰੀਆ ਵਿੱਚਬੀਤੇ ਇਕ ਹਫਤੇ ਤੋਂਚੱਲਦੀ ਤੁਰਕੀ ਦੀ ਫੌਜੀ ਮੁਹਿੰਮਵਿੱਚਕਈ ਦਰਜਨਾਂ ਲੋਕ ਮਾਰੇ ਗਏ ਤੇ ਕਰੀਬ 1.60 ਲੱਖ ਲੋਕ ਆਪਣੇ ਘਰ ਛੱਡ ਚੁੱਕੇ ਹਨ। ਅਮਰੀਕਾ ਜੰਗ ਪ੍ਰਭਾਵਤ ਸੀਰੀਆਤੋਂ ਆਪਣੇ ਕਰੀਬ ਇਕ ਹਜ਼ਾਰ ਫੌਜੀਆਂ ਨੂੰ ਅਗਲੇ ਕੁਝ ਹਫਤਿਆਂ ਵਿੱਚ ਵਾਪਸ ਲੈ ਲਵੇਗਾ। ਇਹ ਵਾਪਸੀ ਉੱਤਰੀ ਸੀਰੀਆ ਵਿੱਚ ਕੁਰਦ ਫੋਰਸਾਂ ਉੱਤੇ ਤੁਰਕੀ ਦੀ ਫੌਜੀ ਮੁਹਿੰਮ ਦੇ ਦੌਰਾਨ ਹੋ ਰਹੀ ਹੈ।

# 20 ਸਾਲਾ ਨੌਜਵਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਸ਼ਮਸ਼ਾਨ ਘਾਟ ਜਾ ਕੇ ਖੁਦਕੁਸ਼ੀ ਕੀਤੀ

ਗੁਰਾਇਆ, 17 ਅਕਤੂਬਰ (ਪੋਸਟ ਬਿਊਰੋ)- ਨੇੜਲੇ ਪਿੰਡ ਰਾਜਗੋਮਾਲ ਦੇ ਸ਼ਮਸ਼ਾਨ ਘਾਟ ਵਿੱਚ 20 ਸਾਲਾ ਨੌਜਵਾਨ ਦਾ ਭੇਤਭਰੇ ਹਾਲਾਤ ਵਿੱਚ ਲਾਸ਼ ਮਿਲਣ ਨਾਲ ਪਿੰਡ ਵਿੱਚ ਸਨਸਨੀ ਫੈਲ ਗਈ। ਲਾਸ਼ ਦੀ ਜਾਣਕਾਰੀ ਪਿੰਡ ਵਾਸੀਆਂ ਨੇ ਜਲਦ ਰੁੜਕਾ ਕਲਾਂ ਚੌਕੀ ਦੇ ਇੰਚਾਰਜ ਗੁਰਸ਼ਰਨ ਸਿੰਘ ਕੇਵਲ ਸਿੰਘ ਨੂੰ ਦਿੱਤੀ। ਸੂਚਨਾ ਮਿਲਣ ਪਿੱਛੋਂ ਗੁਰਾਇਆ ਥਾਣੇ ਦੇ ਐੱਸ ਐੱਚ ਓ ਕੇਵਲ ਸਿੰਘ, ਚੌਕੀ ਇੰਚਾਰਜ ਗੁਰਸ਼ਰਨ ਸਿੰਘ ਪੁਲਸ ਪਾਰਟੀ ਨਾਲ ਪਹੁੰਚੇ। ਲਾਸ਼ ਦੀ ਜਾਂਚ ਕਰਨ 'ਤੇ ਉਸ ਦੀ ਜੇਬ ਵਿੱਚ ਆਧਾਰ ਕਾਰਡ ਨਾਲ ਨੌਜਵਾਨਾਂ ਦੀ ਪਛਾਣ ਅਮਿਤ ਕਲਸੀ ਪੁੱਤਰ ਕਸ਼ਮੀਰ ਲਾਲ ਵਾਸੀ ਤਲਵੰਡੀ ਜੱਟਾਂ ਥਾਣਾ ਬਹਿਰਾਮ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਜੋਂ ਹੋਈ ਹੈ। ਉਸ ਦੇ ਪਰਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਸੀ। ਚੌਕੀ ਇੰਚਾਰਜ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੇ ਵੱਡੇ ਭਰਾ ਨਵਦੀਪ ਕਲਸੀ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਉਸ ਦਾ ਭਰਾ ਘਰੋਂ ਆਪਣੀ ਬਾਈਕ 'ਤੇ ਆਇਆ ਸੀ ਤੇ ਪਿੰਡ ਕਾਹਨਾਂ ਢੇਸੀਆਂ ਵਿੱਚ ਉਸ ਨੇ ਕੰਮ ਸਿਖਿਆ ਹੋਣ ਕਾਰਨ ਉਹ ਇਸ ਇਲਾਕੇ 'ਚ ਵੱਧ ਰਹਿੰਦਾ ਸੀ।

# ਮੈਨਚੈਸਟਰ ਵਿੱਚ ਗਾਂਧੀ ਦਾ ਬੁੱਤ ਲਾਏ ਜਾਣਦਾ ਵਿਦਿਆਰਥੀਆਂ ਵੱਲੋਂ ਵਿਰੋਧ

ਮੈਨਚੈਸਟਰ, 17 ਅਕਤੂਬਰ, (ਪੋਸਟ ਬਿਊਰੋ)- ਬ੍ਰਿਟੇਨ ਦੀ ਮੈਨਚੈਸਟਰ ਯੂਨੀਵਰਸਿਟੀ ਵਿੱਚ ਮਹਾਤਮਾ ਗਾਂਧੀ ਦਾ ਬੁੱਤ ਲਾਉਣ ਦੀ ਤਜਵੀਜ਼ ਦਾ ਵਿਰੋਧ ਕਰਦੇ ਵਿਦਿਆਰਥੀਆਂ ਨੇ 'ਮੈਨਚੈਸਟਰ ਕੈਥੇਡ੍ਰਲ' ਦੇ ਬਾਹਰ ਇਕ ਮੁਹਿੰਮ ਸ਼ੁਰੂ ਕੀਤੀ ਹੈ। ਸਥਾਨਕ ਅਧਿਕਾਰੀਆਂ ਨੇ ਗਾਂਧੀ ਦੇ ਬੁੱਤ ਲਾਉਣ ਦੀ ਮਨਜ਼ੂਰੀ ਦਿੱਤੀ ਹੈ। ਯੂਨੀਵਰਸਿਟੀ ਵਿਦਿਆਰਥੀਆਂ ਨੇ 'ਗਾਂਧੀ ਮਸਟ ਫਾਲ' ਦੇ ਨਾਂਅ ਨਾਲ ਇਸ ਦੇ ਵਿਰੁੱਧ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਇਸ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਨੇ ਮੈਨਚੈਸਟਰ ਨਗਰ ਕੌਂਸਲ ਨੂੰ ਇਕ ਚਿੱਠੀ ਵਿੱਚ ਸ਼ਹਿਰ ਵਿਚਾਲੇ ਮਹਾਤਮਾ ਗਾਂਧੀ ਦਾ 9 ਫੁੱਟ ਉੱਚਾ ਬੁੱਤ ਲਾਉਣ ਦੇ ਫੈਸਲੇ ਉੱਤੇ ਮੁੜ ਵਿਚਾਰ ਕਰਨ ਨੂੰ ਕਿਹਾ ਹੈ।ਵਿਦਿਆਰਥੀਆਂ ਦਾ ਕਹਿਣਾ ਹੈ ਕਿ ਅਫਰੀਕਾ ਵਿੱਚ ਬ੍ਰਿਟਿਸ਼ ਰਾਜ ਦੀਆਂ ਨਸਲੀ ਕਾਰਵਾਈਆਂ ਵਿੱਚ ਮਹਾਤਮਾ ਗਾਂਧੀ ਦੀ ਸ਼ਮੂਲੀਅਤ ਸੀ।ਚਿੱਠੀ ਵਿੱਚਕਿਹਾ ਗਿਆ ਹੈ ਕਿ ਗਾਂਧੀ ਨੇ ਅਫਰੀਕੀਆਂ ਨੂੰ 'ਅਸ਼ੁੱਧ', 'ਅੱਧੇ ਅਧੂਰੇ ਨਿਵਾਸੀ', 'ਜੰਗਲੀ', 'ਗੰਦੇ' ਅਤੇ 'ਪਸ਼ੂਆਂ ਵਰਗੇ' ਦੱਸ ਕੇ ਕੁਝ ਟਿੱਪਣੀਆਂ ਵਿੱਚ ਜ਼ਿਕਰ ਕੀਤਾ ਸੀ।

ਵਰਨਣ ਯੋਗ ਹੈ ਕਿ ਮਹਾਤਮਾ ਗਾਂਧੀ ਦਾ ਇਹ ਬੁੱਤ ਅਗਲੇ ਮਹੀਨੇ ਲੱਗਣਾ ਹੈ। ਮਹਾਤਮਾ ਗਾਂਧੀ ਦੀ 150ਵੀਂ ਬਰਸੀ ਵਾਲਾ ਸਾਲ ਵੀ ਇਹੋ ਹੈ। ਵਿਦਿਆਰਥੀ ਯੂਨੀਅਨ ਦੀ ਲਿਬਰੇਸ਼ਨ ਅਤੇ ਐਕਸੈੱਸ ਅਧਿਕਾਰੀ ਸਾਰਾ ਖਾਨ ਨੇ ਸਿਟੀ ਕੌਂਸਲਤੋਂਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ। ਕੌਂਸਲ ਦੇ ਬੁਲਾਰੇ ਨੇ ਕਿਹਾ ਕਿ ਮਹਾਤਮਾ ਗਾਂਧੀ ਦਾ ਬੁੱਤ ਲਾਉਣ ਦਾ ਮੁੱਖ ਮਕਸਦ ਸ਼ਾਂਤੀ, ਪਿਆਰ ਅਤੇ ਭਾਈਚਾਰੇ ਦੇ ਉਨ੍ਹਾਂ ਦੇ ਸੰਦੇਸ਼ ਦਾ ਪ੍ਰਸਾਰ ਕਰਨਾ ਹੈ।

# ਮੈਕਸੀਕੋ ਨੇ ਗੈਰ ਕਾਨੂੰਨੀ ਢੰਗ ਨਾਲ ਪਹੁੰਚੇ 311 ਭਾਰਤੀ ਵਾਪਸ ਭੇਜੇ

ਮੈਕਸੀਕੋ ਸਿਟੀ, 17 ਅਕਤੂਬਰ (ਪੋਸਟ ਬਿਊਰੋ)- ਮੈਕਸੀਕੋ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪਹਿਲੀ ਵਾਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਕ ਮਹਿਲਾ ਸਮੇਤ 311 ਭਾਰਤੀਆਂ ਨੂੰ ਵਾਪਸ ਭੇਜਿਆ ਹੈ। ਉਨ੍ਹਾਂ ਨੇ ਇਹ ਕਦਮ ਆਪਣੇ ਦੇਸ਼ ਵਿਚ ਗੈਰ ਕਾਨੂੰਨੀ ਢੰਗ ਨਾਲ ਆਏ ਲੋਕਾਂ ਉੱਤੇ ਲਗਾਮ ਲਾਉਣ ਦੀਆਂ ਕੋਸ਼ਿਸ਼ਾਂ ਵਜੋਂ ਚੁੱਕਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮੈਕਸੀਕੋ ਦੇ ਨੈਸ਼ਨਲ ਮਾਈਗ੍ਰੇਸ਼ਨ ਇੰਸਟੀਚਿਊਟ ਨੇ ਬੁੱਧਵਾਰ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਹੈ ਕਿ ਜਿਹੜੇ ਭਾਰਤੀ ਇਸ ਦੇਸ਼ ਵਿਚ ਨਿਯਮਿਤ ਰੂਪ ਨਾਲ ਰੁਕਣ ਦੀ ਸ਼ਰਤ ਪੂਰਾ ਨਹੀਂ ਕਰਦੇ, ਉਨ੍ਹਾਂ ਨੂੰ ਟੋਲੂਕਾ ਸਿਟੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਬੋਇੰਗ 747 ਉੱਤੇ ਨਵੀਂ ਦਿੱਲੀ ਭੇਜ ਦਿੱਤਾ ਗਿਆ ਹੈ। ਇਸ ਬਿਆਨ ਦੇ ਮੁਤਾਬਕ ਇਨ੍ਹਾਂ ਨੂੰ ਓਕਸਾਕਾ, ਬਾਜਾ ਕੈਲੀਫੋਰਨੀਆ, ਵੇਰਾਕਰੂਜ਼, ਚਿਆਪਾਸ, ਸੋਨੋਰਾ, ਮੈਕਸੀਕੋ ਸਿਟੀ, ਡੁਰਾਂਗੋ ਤੇ ਤਬਾਸਕੋ ਰਾਜਾਂ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਅੱਗੇ ਪੇਸ਼ ਕੀਤਾ ਗਿਆ।

ਮੈਕਸੀਕੋ ਦਾ ਇਹ ਕਦਮ ਓਦੋਂ ਸਾਹਮਣੇ ਆਇਆ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੂਨ ਵਿਚ ਚਿਤਾਵਨੀ ਦਿੱਤੀ ਸੀ ਕਿ ਜੇ ਮੈਕਸੀਕੋ ਨੇ ਆਪਣੇ ਦੇਸ਼ ਵੱਲੋਂ ਅਮਰੀਕਾ ਵਿਚ ਆ ਰਹੇ ਲੋਕਾਂ ਉੱਤੇ ਲਗਾਮ ਨਾ ਲਾਈ ਤਾਂ ਉਹ ਉਸ ਦੇਸ਼ ਤੋਂ ਹੁੰਦੀ ਹਰ ਇੰਪੋਰਟ ਉੱਤੇ ਕਸਟਮ ਡਿਊਟੀ ਲਾ ਦੇਣਗੇ।


Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

MISSISSAUGA $975
Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000
23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000
1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000
17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900
7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000
23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000
5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000
693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000
32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਬਰੈਂਪਟਨ ਨਾਰਥ ਦਾ ਰੁਖ ਅਰਪਨ ਖੰਨਾ ਵੱਲ

ਬੀਤੇ ਦਿਨੀਂ ਬਰੈਂਪਟਨ ਨਾਰਥ ਦੇ ਵਸਨੀਕ ਐੱਸ. ਐੱਸ. ਰੈਨੋਵੇਸ਼ਨ ਦੇ ਦੇਵ ਮੁੰਡੀ, ਸਟਾਰਲਾਈਨ ਪੇਂਟਿੰਗ ਤੋਂ ਹਰਜੀਤ ਧਨੋਆ ਅਤੇ ਹੰਟਰ ਟਰਾਂਸਪੋਰਟ ਤੋਂ ਬਲਕਾਰ ਸਿੰਘ ਤੇ ਹੈਰੀ ਵੱਲੋਂ ਅਰਪਨ ਖੰਨਾ ਦੇ ਹੱਕ 'ਚ ਵੱਡੀ ਰੈਲੀ ਕੀਤੀ ਗਈ। ਪੇਸ਼ ਹਨ ਇਸ ਰੈਲੀ ਦੀਆਂ ਯਾਦਗਾਰੀ ਤਸਵੀਰਾਂ।


















# UPPAL LAW



AVTAR UPPAL
Manager

**IMMIGRATION SERVICES**
- Visitor Visa
- Super Visa
- Study, Work, Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister, Solicitor

Tel: 905-500-1507
351 Parkhurst Square, # 16,
Brampton, ON L6T 0C2, Fax: 905-672-7848

FREE Consultation

* PRIOR APPOINTMENT NECESSARY



# ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street | BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street | BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




## ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਕੀ ਲੱਭਿਆ ਚੋਣਾਂ ਦੇ ਇਸ ਰਾਮ ਰੌਲੇ ਵਿੱਚੋਂ ?

ਵੋਟਾਂ ਪੈਣ ਵਿੱਚ ਮਹਿਜ਼ ਦੋ ਦਿਨ ਬਾਕੀ ਰਹਿ ਗਏ ਹਨ। 21 ਅਕਤੂਬਰ ਨੂੰ ਸਵੇਰੇ ਸਾਢੇ ਅੱਠ ਵਜੇ ਤੋਂ ਲੈ ਕੇ ਸ਼ਾਮ ਦੇ ਸਾਢੇ ਅੱਠ ਵਜੇ ਤੱਕ 27 ਮਿਲੀਅਨ ਦੇ ਕਰੀਬ ਯੋਗ ਵੋਟਰ ਇਸ ਫੈਸਲੇ ਨੂੰ ਇਲੈਕਟਰਾਨਿਕ ਡੱਬਿਆਂ ਵਿੱਚ ਬੰਦ ਕਰ ਦੇਣਗੇ ਕਿ ਅਗਲੇ ਚਾਰ ਸਾਲ ਉਹਨਾਂ ਉੱਤੇ ਕਿਸ ਰਾਜੇ ਦਾ ਰਾਜ ਹੋਵੇਗਾ। ਬੀਤੇ ਲੌਂਗ ਵੀਕ ਐਂਡ ਹੋਈ ਐਡਵਾਂਸ ਪੋਲਿੰਗ ਵਿੱਚ 4.7 ਮਿਲੀਅਨ ਕੈਨੇਡੀਅਨਾਂ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਕੇ ਸਾਬਤ ਕਰ ਦਿੱਤਾ ਕਿ ਐਡਵਾਂਸ ਪੋਲਿੰਗ ਇੱਕ ਚੰਗੀ ਰਿਵਾਇਤ ਹੈ। 2015 ਦੇ ਮੁਕਾਬਲੇ ਇਸ ਸਾਲ 29% ਜ਼ਿਆਦਾ ਵੋਟਰਾਂ ਨੇ ਐਡਵਾਂਸ ਪੋਲਿੰਗ ਦਾ ਲਾਭ ਲਿਆ। ਸੰਭਾਵਨਾ ਹੈ ਕਿ 21 ਅਕਤੂਬਰ ਨੂੰ ਵੀ ਵੱਡੀ ਗਿਣਤੀ ਵਿੱਚ ਵੋਟਰ ਆਪਣੇ ਵੋਟ ਅਧਿਕਾਰ ਦਾ ਇਸਤੇਮਾਲ ਕਰਕੇ ਸਾਬਤ ਕਰਨਗੇ ਕਿ ਉਹਨਾਂ ਨੂੰ ਕੈਨੇਡੀਅਨ ਲੋਕਤੰਤਰ ਵਿੱਚ ਕਿੰਨਾ ਵਿਸ਼ਵਾਸ਼ ਹੈ। ਵੋਟਰ ਤਾਂ ਆਪਣੇ ਫਰਜ਼ ਪੂਰੇ ਕਰਨਗੇ ਪਰ ਸਿਆਸੀ ਪਾਰਟੀਆਂ ਨੇ ਅਜਿਹਾ ਕੁੱਝ ਨਹੀਂ ਕੀਤਾ ਜਿਸਤੋਂ ਆਸ ਬੱਝੇ ਕਿ ਉਹ ਲੋਕਤੰਤਰ ਦੀ ਅਸਲੀ ਭਾਵਨਾ ਨੂੰ ਸਤਕਾਰ ਦੇਂਦੀਆਂ ਹਨ?

ਇਸ ਸਾਲ ਚੋਣ ਪ੍ਰਚਾਰ ਦਾ ਇੱਕ ਦੁਖਦਾਈ ਪੱਖ ਇਹ ਰਿਹਾ ਕਿ ਸਿਆਸੀ ਆਗੂ ਇੱਕ ਦੂਜੇ ਉੱਤੇ ਚਿੱਕੜ ਉਛਾਲਣ ਦੀਆਂ ਨਿਵਾਣਾਂ ਦੀਆਂ ਨਵੀਆਂ ਬੁਲੰਦੀਆਂ ਨੂੰ ਛੂੰਹਦੇ ਗਏ। ਬੇਸ਼ੱਕ ਇਸ ਦੋਸ਼ ਤੋਂ ਜਗਮੀਤ ਸਿੰਘ ਕਿਸੇ ਹੱਦ ਤੱਕ ਸੁਰਖਰੂ ਰਿਹਾ ਜਿਸਦਾ ਉਸਨੂੰ ਲਾਭ ਵੀ ਹਾਸਲ ਹੋਇਆ। ਪਰ ਲਿਬਰਲਾਂ ਅਤੇ ਕੰਜ਼ਰਵੇਟਿਵਾਂ ਨੇ ਦੋਸਾਂ ਪ੍ਰਤੀ ਦੋਸ਼ਾਂ ਦੀ ਅਜਿਹੀ ਝੜੀ ਲਾਈ ਕਿ ਕੈਨੇਡੀਅਨ ਵੋਟਰਾਂ ਲਈ ਸੱਭਿਅਕ ਸਿਆਸਤ ਦੀ ਝਲਕ ਹਾਸਲ ਕਰਨੀ ਦੁੱਭਰ ਹੋਈ ਰਹੀ। ਦੋ ਦਿਨ ਪਹਿਲਾਂ Ipsos ਵੱਲੋਂ ਕੀਤੇ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਬਹੁ-ਗਿਣਤੀ ਕੈਨੇਡੀਅਨ ਇਸ ਸਾਲ ਦੀ ਚੋਣ ਮੁਹਿੰਮ ਨੂੰ ਨੈਗੇਟਿਵ (ਨਾਂਹ ਪੱਖੀ) ਮੰਨਦੇ ਹਨ। 71% ਦਾ ਆਖਣਾ ਹੈ ਕਿ ਮੀਡੀਆ ਅਤੇ ਸੋਸ਼ਲ ਮੀਡੀਆ ਉੱਤੇ ਉਹਨਾਂ ਨੇ ਜੋ ਪੜ੍ਹਿਆ ਸੁਣਿਆ, ਉਹ ਨੈਗੇਟਿਵ ਤੋਂ ਇਲਾਵਾ ਕੁੱਝ ਨਹੀਂ ਸੀ। 58% ਵੋਟਰਾਂ ਦਾ ਧਿਆਨ ਐਨ ਐਨ ਸੀ ਲਾਵਾਲਿਨ, 55% ਨੂੰ ਐਂਡਰੀਉ ਸ਼ੀਅਰ ਦਾ ਗਰਭਪਾਤ ਉੱਤੇ ਲਿਆ ਸਟੈਂਡ, 43% ਲਈ ਟਰੂਡੋ ਦਾ ਦੋ ਵਾਰ ਮੁਫ਼ਤ ਦੇ ਜਹਾਜ਼ ਵਰਤ ਕੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਜਾਣਾ, 32% ਲਈ ਟਰੂਡੋ ਦਾ ਬਰਾਊਨ ਫੇਸ ਕਾਂਡ ਅਤੇ 30% ਲਈ ਸ਼ੀਅਰ ਦਾ ਅਮਰੀਕਾ ਦੀ ਦੋਹਰੀ ਸਿਟੀਜ਼ਨਸ਼ਿੱਪ ਦੇ ਇਹਨਾਂ ਚਾਰ ਨਾਂਹ ਪੱਖੀ ਮਾਮਲਿਆਂ ਨੇ ਉਲਝਾ ਕੇ ਰੱਖਿਆ।

2015 ਵਿੱਚ ਕੰਜ਼ਰਵੇਟਿਵ ਪਾਰਟੀ ਖਾਸ ਕਰਕੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਉੱਤੇ ਦੋਸ਼ ਲੱਗਦੇ ਸੀ ਕਿ ਉਸਨੇ ਨੈਗੇਟਿਵ ਚੋਣ ਪ੍ਰਚਾਰ ਕੀਤਾ ਸੀ। ਟੋਰੀਆਂ ਵੱਲੋਂ ਜਸਟਿਨ ਟਰੂਡੋ ਨੂੰ ਘੱਟ ਸਿਆਣਾ, ਅਣੋਭੜ ਅਤੇ ਗੈਰ-ਅਨੁਭਵੀ ਆਖ ਕੇ ਭੰਡਿਆ ਗਿਆ ਸੀ। ਇਸਦੇ ਉਲਟ ਟਰੂਡੋ ਨੇ ਲੋਕਾਂ ਨੂੰ ਹਾਂ ਪੱਖੀ ਸੁਨੇਹਾ ਦੇ ਕੇ ਚੰਗੇ ਭੱਵਿਖ ਦੀ ਆਸ ਬੰਨਾਈ ਜਿਸਦਾ ਕੈਨੇਡੀਅਨਾਂ ਨੇ ਉਸਦੇ ਹੱਕ ਵਿੱਚ ਭਰਵੀਆਂ ਵੋਟਾਂ ਪਾ ਕੇ ਸੁਆਗਤ ਕੀਤਾ। ਕੰਜ਼ਰਵੇਟਿਵ ਤਾਂ ਖੈਰ ਇਸ ਵਾਰ ਵੀ 2015 ਵਾਗੂੰ ਨੈਗੇਟਿਵ ਪਬਲੀਸਿਟੀ ਤੋਂ ਬਚ ਨਹੀਂ ਸਕੇ ਪਰ ਟਰੂਡੋ ਖੁਦ ਵੀ ਨਾਂਹ ਪੱਖੀ ਪ੍ਰਚਾਰ ਦਾ ਸ਼ਿਕਾਰ ਬਣਿਆ ਰਿਹਾ। ਉਸਨੇ ਡੱਗ ਫੋਰਡ ਨੂੰ ਹਊਆ ਬਣਾ ਕੇ ਪੇਸ਼ ਕਰਨ, ਸ਼ੀਅਰ ਦੁਆਰਾ ਲਾਏ ਜਾਣ ਵਾਲੇ ਕੱਟਾਂ, ਟੋਰੀਆਂ ਵੱਲੋਂ ਕਲਾਈਮੇਟ ਨੂੰ ਤਹਿਸ ਨਹਿਸ ਕਰਨ ਦੀਆਂ ਗੱਲਾਂ ਤੋਂ ਇਲਾਵਾ ਕੋਈ ਜ਼ਿਕਰਯੋਗ ਵਿਕਾਸਮਈ ਗੱਲ ਨਹੀਂ ਕੀਤੀ।

ਇੱਕ ਹੋਰ ਦੋਸ਼ਪੂਰਣ ਰੁਝਾਨ ਪਾਰਟੀ ਆਗੂਆਂ ਦਾ ਪਾਰਟੀ ਤੰਤਰ ਵਿੱਚ ਲੋੜੋਂ ਵੱਧ ਤਾਕਤਾਂ ਰੱਖਣ ਦਾ ਰਿਹਾ ਹੈ। ਸਿਆਸੀ ਪਾਰਟੀਆਂ ਵਿੱਚ ਲੀਡਰਾਂ ਤੋਂ ਬਾਅਦ ਦੂਜੀ ਜਾਂ ਤੀਜੀ ਕਤਾਰ ਦੇ ਲੀਡਰਾਂ ਦੀ ਕਮੀ ਨਹੀਂ ਸਗੋਂ ਗੈਰਹਾਜ਼ਰੀ ਵੇਖੀ ਗਈ। ਕੀ ਲਿਬਰਲਾਂ ਕੋਲ ਕੋਈ ਆਗੂ ਹੈ ਜੋ ਟਰੂਡੋ ਦੇ ਬਿਮਾਰ ਜਾਂ ਕਿਸੇ ਹੋਰ ਕਾਰਣ ਗੈਰਹਾਜ਼ਰ ਹੋਣ ਦੀ ਸੂਰਤ ਵਿੱਚ ਅੱਗੇ ਆ ਸਕਦਾ ਹੈ? ਇਹੀ ਹਾਲ ਕੰਜ਼ਰਵੇਟਿਵਾਂ ਅਤੇ ਐਨ ਡੀ ਪੀ ਦਾ ਹੈ। ਪਾਰਟੀ ਲੀਡਰ ਦੀ ਜੀ-ਹਜ਼ੂਰੀ ਕਰਨ ਦੇ ਰੁਝਾਨ ਦੀ ਮਾਨਸਿਕਤਾ ਵੀ ਲੀਡਰਾਂ ਦੇ ਲੋੜੋਂ ਵੱਧ ਮਜ਼ਬੂਤ ਹੋਣ ਵਿੱਚੋਂ ਨਿਕਲਦੀ ਹੈ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਪਬਲਿਕ ਤੋਂ ਲੋਕਤੰਤਰ ਦੀ ਭਾਵਨਾ ਉੱਤੇ ਫੁੱਲ ਚੜਾਉਣ ਦੀ ਆਸ ਰੱਖਣ ਵਾਲੇ ਆਗੂ ਖੁਦ ਲੋਕਤੰਤਰ ਦੀ ਭਾਵਨਾ ਨੂੰ ਤੋੜਨ ਦੇ ਦੋਸ਼ੀ ਪਾਏ ਜਾਂਦੇ ਹਨ। ਇਸ ਸੱਭ ਕੁੱਝ ਦੇ ਬਾਵਜੂਦ ਕੈਨੇਡੀਅਨ ਵੋਟਰਾਂ ਦੇ ਹੌਸਲੇ ਦੀ ਦਾਦ ਦੇਣੀ ਬਣਦੀ ਹੈ ਕਿ ਉਹਨਾਂ ਨੇ ਲੋਕਤੰਤਰ ਵਿੱਚ ਆਪਣੇ ਵਿਸ਼ਵਾਸ਼ ਵਿੱਚ ਕਮੀ ਨਹੀਂ ਆਉਣ ਦਿੱਤੀ ਬੇਸ਼ੱਕ ਆਗੂਆਂ ਕੋਲ ਪਬਲਿਕ ਦੀ ਪਲੇਟ ਵਿੱਚ ਨਾਕਾਰਤਮਕ ਗੱਲਾਂ ਦਾ ਪ੍ਰਸ਼ਾਦ ਪਰੋਸਣ ਤੋਂ ਇਲਾਵਾ ਹੋਰ ਕੋਈ ਖਾਸ ਵਿਸ਼ਾ-ਵਸਤੂ ਨਹੀਂ ਸੀ।

## ਜਗਮੀਤ ਨੇ ਕੀਤੀ ਬਰੈਂਪਟਨ 'ਚ ਵੱਡੀ ਰੈਲੀ

...ਪੰਨਾ 1 ਦਾ ਬਾਕੀ

ਜਗਮੀਤ ਸਿੰਘ ਨੇ ਰੈਲੀ ਨੂੰ ਸੰਬੋਧੰਨ ਕਰਦੇ ਹੋਏ ਕਿਹਾ ਕੇ ਪ੍ਰਧਾਨ ਮੰਤਰੀ ਟਰੂਡੋ ਕੈਨੇਡੀਅਨਾਂ ਦੀ ਵੋਟ ਦਾ ਹੱਕਦਾਰ ਨਹੀਂ ਹੈ । ਉਹ ਲੋਕਾਂ ਦੇ ਸਿਰਾਂ ਤੇ ਕਰਜੇ ਹੋਰ ਚੜ੍ਹ ਰਹੀ ਹੈ। ਅਮੀਰਾਂ ਨੂੰ ਹੋਰ ਅਮੀਰ ਬਣਾ ਕੇ ਮਿਡਲ ਵਰਗ ਦੇ ਲੋਕਾਂ ਨੂੰ ਹੋਰ ਗਰੀਬ ਕਰ ਰਹੀ ਹੈ। ਉਨ੍ਹਾਂ ਨੇ ਅੱਗੇ ਪਾਈਪ ਲਾਇਨ ਦੀ ਗੱਲ ਕਰਦੇ ਹੋਏ ਕਿਹਾ ਕਿ ਟਰੂਡੋ ਨੇ ਬਹੁਤ ਪੈਸਾ ਤੇ ਲੋਕਾਂ ਦੀਆਂ ਨੌਕਰੀਆਂ ਤੇ ਸੱਟ ਮਾਰੀ ਹੈ। ਜਿਸ ਕਰਕੇ ਉਹ ਤੁਹਾਡੀ ਵੋਟ ਦਾ ਹੱਕਦਾਰ ਨਹੀਂ ਹੈ।

ਜਗਮੀਤ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਸਾਡੀ ਸਰਕਾਰ ਲੋਕਾਂ ਦੀ ਬਚਤ ਵਾਰੇ ਉਪਰਾਲਾ ਕਰੇਗੀ। ਜਿਵੇਂ ਅਸੀਂ ਦੰਦਾ ਦੇ ਮੁਫ਼ਤ ਇਲਾਜ ਦੀ ਗੱਲ ਕਰਦੇ ਹਾਂ। ਫਿਰ ਸੈਲ ਫੋਨ ਬਿਲਾਂ ਦੀ ਗੱਲ ਕਰਦੇ ਹਾਂ। ਗੱਲ ਕੀ ਅਸੀਂ ਜਿਥੋਂ ਵੀ ਕੈਨੇਡੀਅਨ ਲੋਕਾਂ ਦੀ ਬਚਤ ਕਰ ਸਕਦੇ ਹੋਈਏ ਹਰ ਹਾਲ ਵਿਚ ਕਰਾਂਗੇ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਐਂਡਰਿਉ ਸ਼ੀਅਰ ਵੀ ਲੋਕਾਂ ਤੇ ਹੋਰ ਟੈਕਸ ਦਾ ਭਾਰ ਵਧਾਏਗਾ। ਜਿਸ ਨਾਲ ਲੋਕਾਂ ਦਾ ਹੋਰ ਨੁਕਸਾਨ ਹੋਵੇਗਾ। ਉਹਨਾਂ ਅੱਗੇ ਰੈਲੀ ਨੂੰ ਸੰਬੋਧੰਨ ਕਰਦੇ ਹੋਏ ਪੰਜਾਬੀ ਵਿਚ ਕਿਹਾ ਕਿ ਅਸੀਂ ਇਕ ਦੂਜੇ ਦੀ ਗੱਲ ਸੁਣਦੇ ਹੋਏ ਕਿ ਚਲੋਂ ਇਸ ਉਮੀਦਵਾਰ ਨੂੰ ਵੋਟ ਦੇ ਦਿਉ ਕਿਉਕਿ ਉਹ ਸਾਡੇ ਪਿੰਡ ਦਾ ਹੈ। ਉਹਨਾਂ ਕਿਹਾ ਕਿ ਇਸ ਤਰ੍ਹਾਂ ਨਾ ਕਰੋ। ਕਿਉਂ ਕਿ ਪਿੰਡ ਵਾਲੇ ਨੇ ਕੁਝ ਨਹੀਂ ਦੇਣਾ, ਜਿਸ ਦੀ ਚੰਗੀ ਪਾਲਸੀ ਹੈ ਉਹ ਹੀ ਕੈਨੇਡੀਅਨ ਲੋਕਾਂ ਦੀ ਮੱਦਦ ਤੇ ਬਚਤ ਕਰ ਸਕਦਾ ਹੈ।

ਜਗਮੀਤ ਸਿੰਘ ਨੇ ਇਹ ਵੀ ਕਿਹਾ ਕਿ ਹਰ ਮਾਂ ਬਾਪ ਆਪਣੇ ਬੱਚੇ ਦਾ ਭਵਿੱਖ ਉਜਲਾ ਦੇਖਣਾ ਚਾਹੁੰਦਾ ਹੈ ਤੇ ਬਚਤ ਵੀ ਜੋ ਸਾਡੀ ਸਰਕਾਰ ਤੁਹਾਨੂੰ ਦੇਵੇਗੀ। ਮੈਂ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਪਦ ਲਈ ਲੜਨ ਦਾ ਮਤਲਬ ਤੁਹਾਡੇ ਚੰਗੇ ਭਵਿੱਖ ਲਈ ਲੜਨਾ ਹੈ। ਇਸ ਲਈ ਐੱਨ ਡੀ ਪੀ 21 ਅਕਤੂਬਰ ਨੂੰ ਵੋਟ ਪਾ ਕੇ ਸਾਨੂੰ ਮਾਣ ਬਖ਼ਸੋਂ ਤਾਂ ਜੋ ਅਸੀਂ ਕੈਨੇਡੀਅਨ ਦੀ ਦਿਲੋਂ ਸੇਵਾ ਕਰ ਸਕੀਏ।

## ਟਰੂਡੋ ਭਜਾਓ, ਅਕਲਮੰਦ ਸਰਕਾਰ ਲਿਆਓ

-ਕੁਲਦੀਪ ਸਿੰਘ-



'ਟਰੂਡੋ' ਦੀ ਸਰਕਾਰ ਤੋਂ ਪਹਿਲਾਂ ਸਭ ਸਰਕਾਰਾਂ ਬਹੁਤ ਸਮਝਦਾਰ ਸਨ। ਸੀਮਤ ਤੇ ਲੋੜ ਅਨੁਸਾਰ ਵਿਦਿਆਰਥੀ, ਰਿਫਿਊਜ਼ੀ ਵਿਜ਼ਿਟਰ, ਪੀ.ਆਰ. ਤੇ ਸੁਪਰ ਵੀਜ਼ਾ ਆਦਿ ਉਤੇ ਕੈਨੇਡਾ ਆਉਣ ਵਾਲਿਆਂ ਨੂੰ ਆਗਿਆ ਮਿਲਦੀ ਸੀ।ਪੂਰੀ-ਸੂਰੀ ਲੇਬਰ ਕੈਨੇਡਾ ਵਿਚ ਸੀ। ਲੋਕ ਫੈਕਟਰੀਆਂ 'ਚ ਸਵੈਮਾਨ ਨਾਲ ਸਿਰ ਉਚਾ ਕਰਕੇ ਜਾਇਆ ਕਰਦੇ ਸਨ। ਮਾਲਕ ਨੂੰ ਬਹੁਤ ਔਖਾ ਲੱਗਦਾ ਸੀ, ਕਿਸੇ ਨੂੰ ਫੈਕਟਰੀ ਵਿਚੋਂ ਕੱਢਣਾ।ਮਜਦੂਰ ਦੀ ਚੜ੍ਹਤ ਸੀ।

ਪਰ ਟਰੂਡੋ ਦੀ ਬੇਅਕਲੀ ਕਰਕੇ ਦੁਨੀਆ ਭਰ ਤੋਂ ਜਹਾਜ਼ ਭਰ ਭਰ ਕੇ ਕੈਨੇਡਾ ਆ ਰਹੇ ਹਨ।ਕਰੀਬ ਪੰਜ ਲੱਖ ਵਿਦਿਆਰਥੀ ਤੇ ਹੋਰ ਲੋਕ ਟਰੂਡੋ ਦੇ ਸਮੇਂ ਕੈਨੇਡਾ 'ਚ ਆ ਚੁੱਕ ਹਨ।ਲੇਬਰ ਜ਼ਿਆਦਾ ਹੋਣ ਕਾਰਨ ਫੈਕਟਰੀ ਮਾਲਕ ਕਾਮਿਆਂ ਉਤੇ ਭਾਰ ਹਨ। ਮਾਲਕ ਫੁੰਕਾਰੇ ਮਾਰਦੇ ਹਨ। ਲੇਬਰ ਡਰ ਡਰ ਕੇ ਅੱਖਾਂ ਨੀਵੀਆਂ ਕਰਕੇ ਕੰਮ ਕਰ ਰਹੀ ਹੈ, ਪੇਟ ਦਾ ਸਵਾਲ ਹੈ।ਮਾਲਕ ਅਤੇ ਲੇਬਰ ਏਜੰਸੀਆਂ ਲੇਬਰ ਨੂੰ ਘੱਟ ਰੇਟ ਦੇ ਰਹੀਆਂ ਹਨ। ਕੰਮ ਨਹੀਂ ਮਿਲ ਰਿਹਾ।ਭੁੱਖ ਮਰੀ ਦਾ ਮਹੌਲ ਬਣਨ ਦੇ ਆਸਾਰ ਦਿਸ ਰਹੇ ਹਨ। ਕ੍ਰਾਈਮ 14 ਫੀਸਦੀ ਤੋਂ ਵਧ ਚੁੱਕਾ ਹੈ। ਭਵਿੱਖ 'ਚ ਲੁੱਟਾਂ ਖੋਹਾਂ 'ਚ ਵੀ ਵਾਧਾ ਹੋਵੇਗਾ।ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਵਾਲੇ ਤੇ ਉਨ੍ਹਾਂ ਦੇ ਬੱਚੇ ਮਹਿਫੂਜ਼ ਨਹੀਂ ਹਨ।

ਕੁੱਝ ਸਾਲ ਪਹਿਲਾਂ ਟੋਰਾਂਟੋ ਕੈਨੇਡਾ ਦਾ ਵਧੀਆ ਸ਼ਹਿਰ ਐਲਾਨਿਆ ਗਿਆ ਸੀ।ਅੱਜਕੱਲ੍ਹ ਇਸ ਦੀਆਂ ਸੜਕਾਂ 'ਤੇ ਫੁਟਪਾਥਾਂ ਦਾ ਬੁਰਾ ਹਾਲ ਹੈ ਤੇ ਬੱਸ ਸਟਾਪਸ 'ਤੇ ਸ਼ੈਲਟਰ ਨਹੀਂ ਹਨ। ਹਰਿਆਵਲ ਤੇ ਘਾਹ ਦੀ ਸੁੰਦਰਤਾ ਘਟ ਗਈ ਹੈ। ਕੰਮ ਤੇ ਕਮਰੇ ਨਾ ਮਿਲਣ ਕਾਰਨ ਕੁੜੀਆਂ ਬਲੈਕਮੇਲ ਹੋ ਰਹੀਆਂ ਹਨ।ਮੌਜ ਮਸਤੀ ਵਧ ਚੁੱਕੀ ਹੈ।ਗਰਭਪਾਤਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ।ਨਵੇਂ ਹਸਪਤਾਲ, ਸਕੂਲ, ਕਾਲਜ ਤੇ ਮਕਾਨ ਆਦਿ ਨਹੀਂ ਬਣ ਰਹੇ।ਲੋੜ ਹੈ ਲੋਕ ਸਮਝਦਾਰੀ ਨਾਲ ਵੋਟ ਪਾਉਣ ਤਾਂ ਕਿ ਸਮਝਦਾਰ ਸਰਕਾਰ ਬਣ ਸਕੇ।

## ਤਾਬੂਤ ਤੋਂ ਆਵਾਜ਼ ਆਈ, ਮੈਨੂੰ ਬਾਹਰ ਕੱਢੋ, ਇੱਥੇ ਹਨ੍ਹੇਰਾ ਹੈ

ਡਬਲਿਨ, ਆਸਟ੍ਰੇਲੀਆ, 17 ਅਕਤੂਬਰ (ਪੋਸਟ ਬਿਊਰੋ)- ਇੱਕ ਵਿਅਕਤੀ ਦੀਆਂ ਅੰਤਮ ਰਸਮਾਂ ਲਈ ਗਏ ਲੋਕ ਓਦੋਂ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਨੇ ਉਸ ਦੀ ਕਬਰ ਤੋਂ ਉਸ ਦੀ ਅਵਾਜ ਸੁਣੀ।

ਵਰਨਣ ਯੋਗ ਹੈ ਕਿ ਇਨਸਾਨ ਆਪਣੇ ਨੇੜਲਿਆਂ ਨੂੰ ਖੁਸ਼ ਰੱਖਣਾ ਚਾਹੁੰਦਾ ਹੈ, ਇਸ ਲਈ ਜਦੋਂ ਤੱਕ ਜਿਉਂਦਾ ਹੈ, ਓਨਾ ਸਮਾਂ ਹਰ ਤਰੀਕਾ ਅਪਣਾਉਂਦਾ ਹੈ, ਪਰ ਜਦੋਂ ਉਸ ਦੀ ਮੌਤ ਹੁੰਦੀ ਹੈ ਤਾਂ ਚਾਰੇ ਪਾਸੇ ਸੋਗ ਦਾ ਮਾਹੌਲ ਬਣ ਜਾਂਦਾ ਤੇ ਹਰ ਕਿਸੇ ਦੀ ਅੱਖ ਵਿੱਚੋਂ ਅੱਥਰੂ ਆ ਜਾਂਦੇ ਹਨ। ਸਵਾਲ ਉੱਠਦਾ ਹੈ ਕਿ ਕੀ ਕੋਈ ਇਨਸਾਨ ਇਸ ਕਦਰ ਆਪਣਿਆਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰ ਸਕਦਾ ਹੈ ਕਿ ਜਦੋਂ ਉਸ ਦੀ ਮੌਤ ਹੋਵੇ ਤਾਂ ਲੋਕਾਂ ਦੀਆਂ ਅੱਖਾਂ ਵਿਚ ਹੰਝੂਆਂ ਦੀ ਜਗ੍ਹਾ ਹਾਸਾ ਆ ਜਾਵੇ। ਡਬਲਿਨ ਦੇ ਕਿਲਮਨਘ ਇਲਾਕੇ ਵਿੱਚ ਰਹਿਣ ਵਾਲੇ 62 ਸਾਲਾ ਬਜ਼ੁਰਗ ਸ਼ੈਅ ਬ੍ਰੈਡਲੀ ਨੇ ਇਹੋ ਕੀਤਾ ਹੈ।

ਪਤਾ ਲੱਗਾ ਹੈ ਕਿ ਸ਼ੈਅ ਦੀ ਮੌਤ ਬੀਤੀ 8 ਅਕਤੂਬਰ ਨੂੰ ਹੋਈ ਸੀ। ਉਸ ਨੇ ਆਪਣੇ ਮੌਤ ਉੱਤੇ ਲੋਕਾਂ ਨੂੰ ਹਸਾਉਣ ਲਈ ਅਜਿਹਾ ਕੰਮ ਕੀਤਾ ਕਿ ਸਾਰੇ ਹੈਰਾਨ ਰਹਿ ਗਏ। ਸ਼ੈਅ ਦੀ ਬੇਟੀ ਇੰਡ੍ਰੀਆ ਬ੍ਰੈਡਲੀ ਦੇ ਹਵਾਲੇ ਨਾਲ ਆਈ ਮੀਡੀਆ ਰਿਪੋਰਟ ਅਨੁਸਾਰ ਸ਼ੈਅ ਨੇ ਆਪਣੀ ਮੌਤ ਤੋਂ ਪਹਿਲਾਂ ਇੱਕ ਅਵਾਜ਼ ਰਿਕਾਰਡ ਕਰਕੇ ਰੱਖ ਲਈ, ਜਿਸ ਵਿੱਚ ਉਹ ਕਹਿ ਰਿਹਾ ਹੈ ਕਿ ਇੱਥੇ ਕਾਫੀ ਹਨੇਰਾ ਹੈ, ਮੈਨੂੰ ਬਾਹਰ ਕੱਢੋ, ਕੀ ਕੋਈ ਇੱਥੇ ਪਾਦਰੀ ਹੈ! ਮੈਂ ਸੁਣ ਸਕਦਾ ਹਾਂ! ਮੈਂ ਸ਼ੈਅ ਹਾਂ! ਮੈਂ ਬਾਕਸ ਵਿੱਚ ਹਾਂ! ਮੈਂ ਸਿਰਫ ਗੁਡਬਾਏ ਕਹਿਣਾ ਚਾਹੁੰਦਾ ਹਾਂ!' ਇਹ ਅਵਾਜ਼ ਜਦੋਂ ਚੱਲੀ ਤਾਂ ਸਸਕਾਰ ਵਿੱਚ ਸ਼ਾਮਲ ਹੋਏ ਲੋਕ ਹੱਕੇ ਬੱਕੇ ਰਹਿ ਗਏ। ਇੰਡ੍ਰੀਆ ਮੁਤ-ਾਬਿਕ ਸ਼ੈਅ ਜਿੰਦਾ ਦਿਲ ਇਨਸਾਨ ਸੀ ਅਤੇ ਉਸ ਨੇ ਅਜਿਹਾ ਲੋਕਾਂ ਨੂੰ ਹਸਾਉਣ ਦੇ ਲਈ ਕੀਤਾ ਸੀ। ਬ੍ਰੈਡਲੀ ਦੀ ਬੇਟੀ ਇੰਡ੍ਰੀਆ ਬ੍ਰੈਡਲੀ ਨੇ ਕਿਹਾ ਕਿ ਉਸ ਦੇ ਪਿਤਾ ਤਿੰਨ ਸਾਲ ਤੋਂ ਬੀਮਾਰ ਸਨ। ਉਸ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਸਾਲ ਪ੍ਰੈਂਕ ਦੀ ਯੋਜਨਾ ਬਣਾਈ ਸੀ, ਉਹ ਹਸਮੁੱਖ ਇਨਸਾਨ ਸਨ।

## ਵਿਸ਼ਲੇਸ਼ਣ ਅਨੁਸਾਰ ਤਿੰਨਾਂ ਮੁੱਖ ਪਾਰਟੀਆਂ ਦੇ ਆਗੂਆਂ ਨੇ ਓਨਟਾਰੀਓ, ਕਿਊਬਿਕ ਤੇ ਬੀਸੀ 'ਚ ਲਾਇਆ ਵਧੇਰੇ ਜ਼ੋਰ

...ਪੰਨਾ 1 ਦਾ ਬਾਕੀ

ਟਰੂਡੋ ਨੇ ਆਪਣੀ ਕੈਂਪੇਨ ਦੀ ਸੁਰੂਆਤ ਵੈਨਕੂਵਰ ਤੋਂ ਕੀਤੀ ਤੇ ਫਿਰ ਸਰ੍ਹੀ ਤੇ ਬਰਨਾਬੀ ਵਿੱਚ ਪੜਾਅ ਕੀਤਾ, ਇਹ ਹਲਕੇ 2015 ਵਿੱਚ ਉਹ ਜਿੱਤੇ ਸਨ ਪਰ ਇਸ ਵਾਰੀ ਹਾਰ ਸਕਦੇ ਹਨ। ਰਵਾਇਤੀ ਤੌਰ ਉੱਤੇ ਬੀਸੀ ਵਿੱਚ ਲਿਬਰਲਾਂ ਦਾ ਆਧਾਰ ਬਹੁਤਾ ਮਜ਼ਬੂਤ ਨਹੀਂ ਹੈ ਪਰ ਟਰੂਡੋ ਨੇ 2015 ਵਿੱਚ ਇੱਥੇ 17 ਸੀਟਾਂ ਜਿੱਤ ਕੇ ਇਸ ਨੁਕਤੇ ਨੂੰ ਗਤਲ ਸਿੱਧ ਕੀਤਾ ਸੀ। ਪਰ ਇਸ ਵਾਰੀ ਮਾਹਿਰਾਂ ਨੂੰ ਪ੍ਰੋਵਿੰਸ ਵਿੱਚ ਸਖ਼ਤ ਮੁਕਾਬਲੇ ਦੀ ਸੰਭਾਵਨਾ ਨਜ਼ਰ ਆ ਰਹੀ ਹੈ।

ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ 11 ਸਤੰਬਰ ਤੋਂ ਸ਼ੁਰੂ ਹੋਈ ਕੈਂਪੇਨ ਦੌਰਾਨ 71 ਪੜਾਅ ਕਰ ਚੁੱਕੇ ਹਨ। ਇਸ ਦੌਰਾਨ ਉਨ੍ਹਾਂ 31 ਵਾਰੀ ਓਨਟਾਰੀਓ, 15 ਵਾਰੀ ਕਿਊਬਿਕ ਤੇ ਨੌਂ ਵਾਰੀ ਬੀਸੀ ਦਾ ਦੌਰਾ ਕੀਤਾ। ਪ੍ਰੇਰੀਜ਼ ਵਿੱਚ ਸ਼ੀਅਰ ਨੂੰ ਵਧੇਰੇ ਸਮਰਥਨ ਦੀ ਆਸ ਹੈ ਤੇ ਹੁਣ ਤੱਕ ਉਹ ਸਿਰਫ ਪੰਜ ਵਾਰੀ ਹੀ ਇੱਥੇ ਗਏ ਹਨ। ਦੂਜੇ ਪਾਸੇ ਸ਼ੀਅਰ ਨੂੰ ਐਟਲਾਂਟਿਕ ਕੈਨੇਡਾ ਵਿੱਚ ਵੀ ਕੁੱਝ ਆਧਾਰ ਮਿਲਦਾ ਨਜ਼ਰ ਆ ਰਿਹਾ ਹੈ। 2015 ਵਿੱਚ ਇਹ ਇਲਾਕਾ ਲਿਬਰਲਾਂ ਦੇ ਰੰਗ ਵਿੱਚ ਰੰਗਿਆ ਗਿਆ ਸੀ। ਪਰ ਪਿਛਲੇ 13 ਮਹੀਨਿਆਂ ਵਿੱਚ ਇੱਥੇ ਦੋ ਪ੍ਰੋਗਰੈਸਿਵ ਕੰਜ਼ਰਵੇਟਿਵ ਪ੍ਰੀਮੀਅਰ ਚੁਣੇ ਜਾ ਚੁੱਕੇ ਹਨ। ਸ਼ੀਅਰ ਹੁਣ ਤੱਕ ਦਸ ਵਾਰੀ ਐਟਲਾਂਟਿਕ ਕੈਨੇਡਾ ਦਾ ਦੌਰਾ ਕਰ ਚੁੱਕੇ ਹਨ ਤੇ ਨਿਊ ਬਰੰਜ਼ਵਿਕ ਤੇ ਪੀਈਆਈ ਵਿੱਚ ਚਾਰ ਵਾਰੀ ਪੜਾਅ ਕਰ ਚੁੱਕੇ ਹਨ।

ਲਿਬਰਲਾਂ ਤੇ ਕੰਜ਼ਰਵੇਟਿਵਾਂ ਦੇ ਮੁਕਾਬਲੇ ਨਿੱਕੇ ਬਜਟ ਨਾਲ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਪਣੀ ਚੋਣ ਮੁਹਿੰਮ ਲਈ ਕੁੱਝ ਗਿਣਵੀਆਂ ਚੁਣਵੀਆਂ ਥਾਂਵਾਂ ਉੱਤੇ ਹੀ ਧਿਆਨ ਕੇਂਦਰਿਤ ਕਰਨ ਨੂੰ ਤਰਜੀਹ ਦਿੱਤੀ। ਕੈਂਪੇਨ ਦੌਰਾਨ ਹੁਣ ਤੱਕ ਉਹ 59 ਥਾਂਵਾਂ ਉੱਤੇ ਪੜਾਅ ਕਰ ਚੁੱਕੇ ਹਨ ਜਿਨ੍ਹਾਂ ਵਿੱਚੋਂ 25 ਵਾਰੀ ਉਨ੍ਹਾਂ ਵੱਲੋਂ ਓਨਟਾਰੀਓ, 20 ਵਾਰੀ ਬੀਸੀ ਤੇ ਦਸ ਵਾਰੀ ਕਿਊਬਿਕ ਦਾ ਦੌਰਾ ਕੀਤਾ ਜਾ ਚੁੱਕਿਆ ਹੈ। ਹਾਲਾਂਕਿ ਸ਼ੀਅਰ ਤੇ ਟਰੂਡੋ ਵੱਲੋਂ ਹਰੇਕ ਪ੍ਰੋਵਿੰਸ ਵਿੱਚ ਕੈਂਪੇਨ ਚਲਾਈ ਗਈ ਹੈ ਪਰ ਜਗਮੀਤ ਸਿੰਘ ਪੀਈਆਈ, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਜਾਂ ਅਲਬਰਟਾ ਨਹੀਂ ਗਏ। ਇਸ ਤੋਂ ਇਲਾਵਾ ਉਨ੍ਹਾਂ ਸਸਕੈਚਵਨ, ਮੈਨੀਟੋਬਾ, ਨੋਵਾ ਸਕੋਸ਼ੀਆ ਤੇ ਨਿਊ ਬਰੰਜ਼ਵਿਕ ਵਿੱਚ ਵੀ ਇੱਕ ਵਾਰੀ ਹੀ ਪੜਾਅ ਕੀਤਾ ਹੈ।

ਹਾਊਸ ਆਫ ਕਾਮਨਜ਼ ਵਿੱਚ ਅਲਬਰਟਾ ਨੂੰ ਚੌਥਾ ਸੱਭ ਤੋਂ ਵੱਧ ਸੀਟਾਂ ਵਾਲੀ ਪ੍ਰੋਵਿੰਸ ਮੰਨਿਆ ਜਾਂਦਾ ਹੈ ਪਰ ਤਿੰਨਾਂ ਆਗੂਆਂ ਵਿੱਚੋਂ ਕਿਸੇ ਵੱਲੋਂ ਵੀ ਇਸ ਨੂੰ ਤਰਜੀਹ ਨਹੀਂ ਦਿੱਤੀ ਗਈ। ਅਜਿਹਾ ਇਸ ਲਈ ਮੰਨਿਆ ਜਾ ਰਿਹਾ ਹੈ ਕਿਉਂਕਿ 2015 ਵਿੱਚ ਅਲਬਰਟਾ ਦੇ 34 ਹਲਕਿਆਂ ਵਿੱਚੋਂ ਪੰਜ ਨੂੰ ਛੱਡ ਕੇ ਸਾਰੀਆਂ ਥਾਂਵਾਂ ਉੱਤੇ ਹੀ ਕੰਜ਼ਰਵੇਟਿਵਾਂ ਨੇ ਜਿੱਤ ਹਾਸਲ ਕੀਤੀ ਸੀ ਇਸ ਲਈ ਇਸ ਵਾਰੀ ਵੀ ਇਹੋ ਸਿੱਟੇ ਮਿਲਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ।

## ਘੋੜੇ ਉੱਤੇ ਸਵਾਰ ਹੋਏ ਕਿਮ ਜੋਂਗ ਉਨ ਚਿੱਟੇ ਪਹਾੜ 'ਤੇ ਚੜ੍ਹੇ

ਸਿਓਲ, 17 ਅਕਤੂਬਰ (ਪੋਸਟ ਬਿਊਰੋ)- ਉੱਤਰ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਦੀਆਂ ਕਈ ਫੋਟੋ ਜਾਰੀ ਕੀਤੀਆਂ ਗਈਆਂ ਹਨ। ਇਸ ਵਿੱਚ ਉਨ੍ਹਾਂ ਦਾ ਅਨੋਖਾ ਅੰਦਾਜ਼ ਸਾਹਮਣੇ ਆਇਆ ਹੈ। ਉਹ ਇੱਕ ਅਜਿਹੇ ਬਰਫੀਲੇ ਪਹਾੜ ਉੱਤੇ ਚਿੱਟੇ ਘੋੜੇ ਦੀ ਸਵਾਰੀ ਕਰਦੇ ਦਿਸੇ, ਜਿਸ ਨੂੰ ਉੱਤਰ ਕੋਰੀਆ ਵਿੱਚ ਪਵਿੱਤਰ ਮੰਨਿਆ ਜਾਂਦਾ ਹੈ।

ਉੱਤਰ ਕੋਰੀਆ ਦੀ ਸਰਕਾਰੀ ਨਿਊਜ਼ ਏਜੰਸੀ ਕੇ ਸੀ ਐਨ ਏ ਵੱਲੋਂ ਅੱਠ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਨਾਲ ਲਿਖਿਆ ਸੀ, 'ਪਹਾੜ ਦੀ ਚੜ੍ਹਾਈ ਕਰਦੇ ਸਾਡੇ ਪਿਆਰੇ ਨੇਤਾ ਕਿਮ ਜੋਂਗ ਉਨ।' ਇਨ੍ਹਾਂ ਤਸਵੀਰਾਂ ਦੇ ਨਾਲ ਛਪੇ ਲੇਖ ਵਿੱਚ ਦੱਸਿਆ ਗਿਆ ਕਿ ਕਿਮ ਨੇ ਪਹਿਲੀ ਬਰਫਬਾਰੀ ਵਿਚਕਾਰ ਮਾਊਂਟ ਪਾਈਕੇਤੋਂ ਉਤੇ ਚਿੱਟੇ ਘੋੜੇ ਨਾਲ ਚੜ੍ਹਾਈ ਕੀਤੀ।

## ਨਸ਼ੇੜੀ ਨੇ ਚਾਕੂ ਮਾਰ ਕੇ ਪਤਨੀ ਦੀ ਹੱਤਿਆ ਕਰ ਦਿੱਤੀ

ਲੋਹੀਆਂ, 17 ਅਕਤੂਬਰ (ਪੋਸਟ ਬਿਊਰੋ)- ਇੱਕ ਨਸ਼ੇੜੀ ਵਿਅਕਤੀ ਦੇ ਸਿਰ 'ਤੇ ਨਸ਼ਾ ਇੰਨਾ ਹਾਵੀ ਹੋਇਆ ਕਿ ਉਸ ਨੇ ਆਪਣੀ ਪਤਨੀ ਉੱਤੇ ਚਾਕੂ ਨਾਲ ਛੇ ਵਾਰ ਕਰ ਕੇ ਉਸ ਦਾ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਲੋਹੀਆ ਵਾਸੀ 29 ਸਾਲਾ ਕੰਵਲਜੀਤ ਕੌਰ ਦੇ ਰੂਪ ਵਿੱਚ ਹੋਈ ਹੈ, ਜੋ ਆਪਣੇ 31 ਸਾਲਾ ਦੋਸ਼ੀ ਪਤੀ ਮਨਜੀਤ ਸਿੰਘ ਉਰਫ ਹੈਪੀ ਅਤੇ ਸਹੁਰੇ ਪਰਵਾਰ ਸਮੇਤ ਪਿਛਲੇ ਕਾਫੀ ਸਾਲਾਂ ਤੋਂ ਲੋਹੀਆਂ ਦੇ ਵਾਰਡ ਨੰਬਰ ਚਾਰ ਵਿੱਚ ਰਹਿ ਰਹੀ ਸੀ। ਕੱਲ੍ਹ ਸਵੇਰੇ ਇਸ ਬਾਰੇ ਥਾਣਾ ਲੋਹੀਆਂ ਪੁਲਸ ਨੇ ਕਾਰਵਾਈ ਕਰਦੇ ਹੋਏ ਦੋਸ਼ੀ ਮਨਜੀਤ ਸਿੰਘ ਨੂੰ ਮੌਕੇ 'ਤੇ ਕਾਬੂ ਕਰ ਕੇ ਮ੍ਰਿਤਕਾ ਦੇ ਭਰਾ ਦੇ ਬਿਆਨ 'ਤੇ ਹੱਤਿਆ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਮਨਜੀਤ ਸਿੰਘ ਤੇ ਉਸ ਦੀ ਪਤਨੀ ਕੰਵਲਜੀਤ ਕੌਰ ਦਾ ਮੰਗਲਵਾਰ ਰਾਤ ਝਗੜਾ ਹੋਇਆ ਸੀ। ਕੰਵਲਜੀਤ ਦੀ ਮਾਂ ਤੇ ਭਰਾ ਤਰਨ ਤਾਰਨ ਤੋਂ ਲੋਹੀਆਂ ਆ ਗਏ ਸਨ ਤੇ ਰਾਤ ਨੂੰ ਸਾਰੇ ਰਿਸ਼ਤੇਦਾਰਾਂ ਨੇ ਮਾਮਲਾ ਸ਼ਾਂਤ ਕਰਵਾ ਦਿੱਤਾ, ਪਰੰਤੂ ਮਨਜੀਤ ਸਿੰਘ ਨੇ ਸਵੇਰੇ ਛੇ ਵਜੇ ਚਾਕੂ ਨਾਲ ਪਤਨੀ 'ਤੇ ਛੇ ਵਾਰ ਕਰ ਦਿੱਤੇ। ਦੂਸਰੇ ਕਮਰੇ ਵਿੱਚੋਂ ਕੰਵਲਜੀਤ ਦੀ ਮਾਂ ਉਸ ਦੇ ਚੀਕਣ ਦੀਆਂ ਆਵਾਜ਼ਾਂ ਸੁਣ ਕੇ ਉਸ ਦੇ ਕੋਲ ਪਹੁੰਚੀ ਤੇ ਖੂਨ ਨਾਲ ਲਥਪਥ ਦੇਖ ਕੇ ਉਸ ਨੇ ਰੌਲਾ ਪਾਇਆ, ਜਿਸ ਦੇ ਬਾਅਦ ਖੂਨ ਵਿੱਚ ਲਥਪਥ ਤੜਫ ਰਹੀ ਕੰਵਲਜੀਤ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰੱਕਟਰ
647-998-7500 ਬਲਵਿੰਦਰ




Aikam MEDIA GROUP

Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ
ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host

Iqbal Mahal
Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE

ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh

416.670.3173 | 905.799.7333
27 Edvac Dr, Brampton, ON L6S 5X8


www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
(Independently Owned and Operated)
Off: 905-456-3232
Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply
Top 1% Ranked in Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 **(2009,2008) 2012,2011,2010) **(2010) **(2014)
Urgently Need New Listing in Brampton/ GTA Call Jag Today To Sell Your Property For Top $$$ & Accurate Price
BRAMPTON
ਟੋਰਬਰੈਮ / ਬਵੇਰਡ
ਸਪਰਿੰਗਡੇਲ ਨੇੜੇ, ਸ਼ਾਨਦਾਰ ਤੇ ਸਾਫ ਸੁਥਰਾ 4 ਬੈਡਰੂਮ +3 ਵਾਸ਼ਰੂਮ ਦਾ ਡਿਟੈਚ ਘਰ। unspoiled ਬੇਸਮੈਂਟ, ਚਮਕਦਾਰ ਲੇਮੀਨੇਟਡ ਫਲੋਰ ਤੇ ਸਟੇਨਡ ਓਕ ਸਟੇਅਰਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ-ਸੂਟ ਤੇ ਵਾਕ ਇੰਨ ਕਲੋਜ਼ਿਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;
BRAMPTON
ਕੰਟਰੀਸਾਈਡ/ਮਕਵੀਨ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।
BRAMPTON
ਬਵੇਰਡ/ਚਿੰਗੂਜੀ
SOLD AT 100% OF ASKING PRICE
BRAMPTON
ਵੈਨਲੈਸ/ ਮੇਕਲਾਗਲਿਨ
SOLD AT 100% OF ASKING PRICE IN 1 DAY
BRAMPTON
ਵੇਨਲੈਸ / ਵੇਨ-ਕ੍ਰਿਕ
ਬਹੁਤ ਹੀ ਸ਼ਾਨਦਾਰ, ਖੁਲ੍ਹਾ-ਡੁਲ੍ਹਾ ਤੇ ਡਿਟੈਚ ਡਬਲ ਸਟੋਰੀ ਟਾਉਨ-ਹਾਉਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੂਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;
NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ


Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA
PIA
ETIHAD
KLM
SWISS
BRITISH AIRWAYS
JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
tico.ca
IATA
Call Us For Guaranteed Lowest Airfare
ANY Airline Time Destination Around the World
WESTJET vacations
transat
sunwing
AIR CANADA VACATIONS
www.nuwaytravels.com
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
E-mail- info@nuwaytravels.com


ASIAN FOOD CENTRE
Diwali Sale
11TH OCT TO 3RD NOV 2019
www.AsianFoodCentre.com
Fresh Fruits, Vegetables, Indian & Canadian Grocery
$9.99 GOLDEN TEMPLE ATTA (YELLOW BAG)
$5.99 HERO ATTA
$9.99 ASHIRVAD ATTA 10KG
$7.99 DEEP WHOLE WHEAT ATTA
$10.99 PILLSBURRY CHAKKI ATTA
$8.99 INDIA GATE ROZZANA
$11.99 UDUPI SONA MANSOORI RICE
$6.99 AFC SELLA RICE
$10.99 817 RICE
$3.99 BIKANERI PANEER
$1.79 POPULAR SAMOSA (400G)
$8.99 WAGHBAKRI TEA
$7.99 TEA INDIA
$4.29 FRONTIER COOKIES
$2.29 DEEP KESAR MANGO PULP
$19.99 TRUST SUGAR
$7.99 TRUST SUGAR
$2.99 MOTHER'S PICKLE
$6.99 RED LABLE TEA
$4.99 DILSE MALAI
$2.99 DABUR MUSTARD OIL
$1.99 DEEP PAPDI LILVA/TUVER
$2.99 HEINZ ASST KETCHUP
$22.99 VERKA DESI GHEE
$5.99 POPULAR PARATHA
$1.99 MTR READY TO EAT
$3.79 BALAJI MUSTARD OIL
$8.99 VERKA BROWN SUGAR
$6.99 APNA TASTE RASMALAI
$7.99 MAZOLA CORN/CANOLA OIL


$10.99 KASTURI TOOR DAAL(10LB)
$2.99 RED LENTIL
$2.99 WHITE CHANA
$3.49 BLACK CHANA
$2.29 DEEP PARATHA
$4.99 APNA TASTE GULAB JAMUN
$2.99 MASSAR WHOLE
$3.99 URAD WHOLE
$2.29 SAFFRON
$6.99 DILSE BROWN SUGAR
$3.29 MAGGI ASST SAUCE
2 FOR $1 BRITANNIA ASST CREAM TREAT
$1.99 MTR DOSA, RAVA DOSA, RAVA IDLI,RICE IDLI,UTTAPAM
$4.99 CASHEW PIECES
BUY 1 GET 1 FREE $5.99 SILKY BATHROOM TISSUE
$4.29 SAVERA ALOO TIKKI
$4.99 UNICO VEG OIL
$6.99 RED LABEL TEA
$0.99 SANTOSH NAAN
$1.99 DABUR REAL JUICE (EXCEPT AAMPANA)
$5.49 ASEEL GHEE
4 FOR $1 YIPPEE MASALA NOODLES
$1.99 GOODDAY BISCUITS
$1.49 DEEP FAFDA / MATHIA
$5.99 SAVERA RASMALAI
$4.29 DEEP BESAN
$5.99 DABUR MUSTARD OIL
WE HAVE LARGE QUANTITY OF KARWA CHAUTH & DIWALI ITEMS AVAILABLE ALL STORE
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232

# ਗੰਭੀਰ ਆਰਥਕ ਸੰਕਟ ਵਲ ਵੱਧ ਰਿਹਾ ਭਾਰਤ !

ਜਸਵੰਤ ਸਿੰਘ 'ਅਜੀਤ'

ਗੰਭੀਰ ਆਰਥਕ ਸੰਕਟ: ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਦੇਸ਼ ਦੇ ਸਰਕਾਰੀ ਖਜ਼ਾਨੇ ਦੇ ਲਗਾਤਾਰ ਵਧਦੇ ਜਾ ਰਹੇ ਘਾਟੇ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਲਗਾਤਾਰ ਵੱਧ ਰਿਹਾ ਸਰਕਾਰੀ ਖਜ਼ਾਨੇ ਦਾ ਘਾਟਾ ਏਸ਼ੀਆ ਦੀ ਤੀਸਰੀ ਸਭ ਤੋਂ ਵੱਡੀ ਅਰਥਕਤਾ ਨੂੰ ਬਹੁਤ ਹੀ ਚਿੰਤਾਜਨਕ ਸਥਿਤੀ ਵਲ ਧਕਦਾ ਜਾ ਰਿਹਾ ਹੈ। ਬ੍ਰਾਊਨ ਯੂਨੀਵਰਸਿਟੀ ਵਿੱਚ ਦਿੱਤੇ ਗਏ ਆਪਣੇ ਭਾਸ਼ਣ ਦੇ ਦੌਰਾਨ ਪ੍ਰਸਿਧ ਅਰਥ-ਸ਼ਾਸਤ੍ਰੀ ਰਘੂਰਾਮ ਰਾਜਨ ਨੇ ਕਿਹਾ ਕਿ ਭਾਰਤੀ ਆਰਥਕਤਾ ਦੇ ਗੰਭੀਰ ਸੰਕਟ ਦਾ ਕਾਰਣ ਆਰਥਕਤਾ ਨੂੰ ਲੈ ਕੇ ਦ੍ਰਿਸ਼ਟੀਕੋਣ ਵਿੱਚ ਅਨਿਸ਼ਚਿਤਤਾ ਦਾ ਮਾਹੌਲ ਬਣਿਆਂ ਹੋਣਾ ਹੈ। ਉਨ੍ਹਾਂ ਕਿਹਾ ਕਿ ਬੀਤੇ ਕਈ ਵਰ੍ਹਿਆਂ ਤੋਂ ਚੰਗਾ ਪ੍ਰਦਰਸ਼ਨ ਕਰਨ ਤੋਂ ਬਾਅਦ ਭਾਰਤੀ ਆਰਥਕਤਾ ਵਿੱਚ ਵਰਨਣਯੋਗ ਪਧੱਰ 'ਤੇ ਸੁਸਤੀ ਆਈ ਹੈ। ਉਨ੍ਹਾਂ ਦਸਿਆ ਕਿ ਸੰਨ-2016 ਦੀ ਪਹਿਲੀ ਤਿਮਾਹੀ ਵਿੱਚ ਵਿਕਾਸ ਦਰ 9 ਪ੍ਰਤੀਸ਼ਤ ਰਹੀ ਸੀ। ਉਨ੍ਹਾਂ ਹੋਰ ਕਿਹਾ ਕਿ ਭਾਰਤੀ ਆਰਥਕਤਾ ਭਾਰੀ ਸੁਸਤੀ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚਾਲੂ ਵਿੱਤ ਵਰ੍ਹੇ ਵਿੱਚ ਵਿਕਾਸ ਦਰ 6 ਵਰ੍ਹਿਆਂ ਦੇ ਹੇਠਲੇ ਪਧੱਰ ਤੇ, ਅਰਥਾਤ 5 ਪ੍ਰਤੀਸ਼ਤ ਤਕ ਪੁਜ ਗਈ ਹੈ। ਮੁਸ਼ਕਲਾਂ ਦੀ ਅਰੰਭਤਾ ਕਿਥੋਂ ਹੋਈ, ਇਸ ਸੁਆਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਅਰੰਭਕ ਮੁਸ਼ਕਲਾਂ ਨੂੰ ਹਲ ਕਰਨ ਵਲ ਧਿਆਨ ਨਾ ਦਿੱਤਾ ਜਾਣਾ ਹੀ, ਇਸਦਾ ਮੁੱਖ ਕਾਰਣ ਬਣਿਆ।

ਕਰਪੋਰੇਟ ਟੈਕਸ ਬਨਾਮ ਆਰਥਕਤਾ: ਅਰਥ-ਸ਼ਾਸਤ੍ਰ ਦੇ ਨੋਬਲ ਪੁਰਸਕਾਰ ਜੇਤੂ ਭਾਰਤੀ ਮੂਲ ਦੇ ਅਮ੍ਰੀਕੀ ਅਰਥ-ਸ਼ਾਸਤ੍ਰੀ ਅਭਿਜੀਤ ਬਨਰਜੀ ਨੇ ਇੱਕ ਟੀਵੀ ਚੈਨਲ ਤੇ ਹੋਈ ਚਰਚਾ ਵਿੱਚ ਕਿਹਾ ਕਿ ਰਾਸ਼ਟਰਵਾਦ ਮੁੱਖ ਮੁੱਦਿਆਂ ਵਲੋਂ ਧਿਆਨ ਹਟਾ ਦਿੰਦਾ ਹੈ। ਉਨ੍ਹਾਂ ਅਨੁਸਾਰ ਰਾਸ਼ਟਰਵਾਦ ਗਰੀਬਾਂ ਲਈ ਭਾਰੀ ਖਤਰਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਕਰਪੋਰੇਟ ਟੈਕਸ ਵਿੱਚ ਕਟੌਤੀ ਕਰਨ ਨਾਲ ਭਾਰਤੀ ਆਰਥਕਤਾ ਗੜਬੜਾ ਗਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਰਥਕਤਾ ਨੂੰ ਸਥਿਰ ਰਖਣ ਲਈ ਗਰੀਬਾਂ ਨੂੰ ਰਾਹਤ ਦੇਣ ਅਤੇ ਅਮੀਰਾਂ ਪੁਰ ਜ਼ਿਆਦਾ ਟੈਕਸ ਲਾਣਾ ਸਮੇਂ ਦੀ ਵੱਡੀ ਲੋੜ ਹੈ। ਅਭਿਜੀਤ ਨੇ ਇੱਕ ਸੁਆਲ ਦੇ ਜਵਾਬ ਵਿੱਚ ਕਿਹਾ ਕਿ ਗਰੀਬਾਂ ਨੂੰ ਸਮਾਨਤਾ ਦੀ ਨਜ਼ਰ ਨਾਲ ਵੇਖੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਸਲ ਗਲ ਇਹ ਨਹੀਂ ਕਿ ਗਰੀਬ ਲੋਕੀ ਆਲਸੀ ਹੁੰਦੇ ਹਨ, ਇਸਲਈ ਉਹ ਗਰੀਬ ਹਨ। ਉਹ ਲੋਕੀ ਮਿਹਨਤ ਕਰ ਰਹੇ ਹਨ, ਜੇ ਉਨ੍ਹਾਂ ਦੀ ਨੌਕਰੀ ਹੀ ਚਲੀ ਜਾਏ ਤਾਂ ਉਹ ਕੀ ਕਰਨਗੇ? ਉਨ੍ਹਾਂ ਅਨੁਸਾਰ ਭਾਰਤ ਨੂੰ ਅਜਿਹੇ ਪਛਮੀ ਵਿਚਾਰਾਂ ਨੂੰ ਅਪਨਾਣ ਦੀ ਲੋੜ ਨਹੀਂ, ਕਿ ਗਰੀਬ ਅਜਿਹੇ ਆਲਸੀ ਲੋਕੀ ਹੁੰਦੇ ਹਨ, ਜੋ ਚੰਗਾ ਜੀਵਨ ਹਾਸਲ ਕਰਨ ਲਈ ਮਿਹਨਤ ਨਹੀਂ ਕਰਨਾ ਚਾਹੁੰਦੇ। ਇਕ ਹੋਰ ਸੁਆਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਆਮ ਲੋਕਾਂ ਨੂੰ ਕੁਝ ਘਟੋਘਟ ਆਮਦਨ ਦੇ ਸਾਧਨ ਉਪਲਬੱਧ ਕਰਵਾਏ ਜਾਣੇ ਬਹੁਤ ਜ਼ਰੂਰੀ ਹਨ, ਭਾਵੇਂ ਉਹ ਕਿਸੇ ਵੀ ਤਰ੍ਹਾਂ ਦੇ ਵੀ ਕਿਉਂ ਨਾ ਹੋਣ। ਬਹੁਤ ਸਾਰੇ ਅਜਿਹੇ ਲੋਕੀ ਹਨ, ਜੋ ਮੁਸ਼ਕਿਲ ਵਿੱਚ ਹਨ। ਰੀਅਲ ਸਟੇਟ ਕਾਰੋਬਾਰ ਬੈਠ ਰਿਹਾ ਹੈ, ਬੈਂਕ ਬੰਦ ਹੋ ਰਹੇ ਹਨ। ਇਨ੍ਹਾਂ ਸਾਰੇ ਕਾਰਣਾਂ ਕਰਕੇ ਲੋਕਾਂ ਦੀਆਂ ਨੌਕਰੀਆਂ ਜਾ ਰਹੀਆਂ ਹਨ, ਇਸਲਈ ਅਜਿਹੇ ਹਾਲਾਤ ਵਿੱਚ ਲੋਕਾਂ ਦੇ ਲਈ ਸੁਰਖਿਆ ਚਕ੍ਰ ਬਹੁਤ ਜ਼ਰੂਰੀ ਹੈ।

ਚਾਹੋ ਭਾਵੇਂ ਨਾ ਚਾਹੋ.. : ਦਸਿਆ ਗਿਆ ਹੈ ਕਿ ਬੀਤੇ ਦਿਨੀਂ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨਾਲ ਹੋਈ ਮੁਲਾਕਾਤ ਦੌਰਾਨ ਵਿੱਤ ਮੰਤਰੀ ਵਲੋਂ ਕਰਜ਼ਿਆਂ ਦੀ ਵੰਡ ਲਈ, ਦੇਸ਼ ਦੇ 400 ਜ਼ਿਲਿਆਂ ਵਿੱਚ ਜੋ ਕਰਜ਼ਾ-ਕੈਂਪਾਂ ਦਾ ਆਯੋਜਨ ਕਰਨ ਲਈ ਪ੍ਰਸਤਾਵ ਪੇਸ਼ ਕੀਤਾ ਗਿਆ ਸੀ, ਉਸਨੂੰ ਲੈ ਕੇ ਸਾਰਵਜਨਿਕ (ਸਰਕਾਰੀ) ਖੇਤ੍ਰ ਦੇ ਬੈਂਕਾਂ ਦੇ ਅਧਿਕਾਰੀਆਂ ਵਲੋਂ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਹੈ। ਇਸ ਬੈਠਕ ਤੋਂ ਬਾਅਦ ਇਨ੍ਹਾਂ ਸਰਕਾਰੀ ਬੈਂਕਾਂ ਦੇ ਦੋ ਅਧਿਕਾਰੀਆਂ ਨੇ ਅਪਣੇ ਨਾਂ ਪ੍ਰਗਟ ਨਾ ਕਰਨ ਦੀ ਸ਼ਰਤ ਤੇ ਦਸਿਆ, ਕਿ ਅਸਲ ਵਿੱਚ ਸਰਕਾਰੀ ਖੇਤ੍ਰ ਦੇ ਬੈਂਕਾਂ ਦੇ ਅਧਿਕਾਰੀ ਇਸ ਗਲ ਨੂੰ ਲੈ ਕੇ ਸਪਸ਼ਟ ਨਹੀਂ ਕਿ ਉਹ ਸੂਖਮ, ਛੋਟੇ ਅਤੇ ਮੱਧਵਰਗੀ ਉਦਯੋਗਾਂ (ਐਮਐਸਐਮਈ) ਦੇ ਸਾਰੇ ਫਸੇ ਹੋਏ ਕਰਜ਼ਿਆਂ ਦਾ ਮਾਰਚ 2020 ਤਕ ਐਨਪੀਏ ਦੇ ਰੂਪ ਵਿੱਚ ਵਰਗੀਕਰਣ ਕਰਨ ਪਾਣ ਦੇ ਸਮਰਥ ਹੋ ਸਕਣਗੇ। ਮੰਨਿਆ ਜਾਂਦਾ ਹੈ ਕਿ ਇਸੇ ਕਾਰਣ ਵਿੱਤ ਮੰਤਰੀ ਦਾ ਇਹ ਪ੍ਰਸਤਾਵ ਉਨ੍ਹਾਂ ਲਈ ਹੈਰਾਨੀ ਦਾ ਕਾਰਣ ਬਣਿਆ। ਇਕ ਅਧਿਕਾਰੀ ਨੇ ਦਸਿਆ ਕਿ ਸਰਕਾਰੀ ਬੈਂਕਾਂ ਦੇ ਮੁਖੀਆਂ ਨੇ ਇਹ ਦਲੀਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਵਿਵਸਥਾ ਵਿੱਚ ਵਾਧੂ ਨਕਦੀ ਮੌਜੂਦ ਹੈ, ਪ੍ਰੰਤੂ ਸਮਸਿਆ ਕਰਜ਼ੇ ਦੇਣ ਨੂੰ ਲੈ ਕੇ ਬੈਂਕਾਂ ਇੱਛਾ-ਸ਼ਕਤੀ ਨਾ ਹੋਣ ਦੀ ਬਜਾਏ, ਦੇਸ਼ ਵਿੱਚ ਕਰਜ਼ਿਆਂ ਦੀ ਮੰਗ ਘਟ ਹੋਣ ਨੂੰ ਲੈ ਕੇ ਹੈ। ਇੱਕ ਹੋਰ ਅਧਿਕਾਰੀ ਨੇ ਦਸਿਆ ਕਿ ਵਿੱਤ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਜੋ ਇਹ ਧਾਰਣਾ ਬਣੀ ਹੋਈ ਹੈ ਕਿ ਬੈਂਕਾਂ ਤੋਂ ਕਰਜ਼ੇ ਉਪਲਬੱਧ ਨਹੀਂ ਹਨ, ਉਸਨੂੰ ਦੂਰ ਕਰਨ ਦੀ ਸਾਡੀ ਲੋੜ ਹੈ।

76,600 ਕਰੋੜ ਦਾ ਕਰਜ਼ਾ ਠੰਡੇ ਬਸਤੇ ਵਿੱਚ: ਇਨ੍ਹਾਂ ਹੀ ਦਿਨਾਂ ਵਿੱਚ ਆਈਆਂ ਖਬਰਾਂ ਅਨੁਸਾਰ ਦੇਸ਼ ਦੇ ਸਭ ਤੋਂ ਵੱਡੇ ਬੈਂਕ ਐਸਬੀਆਈ ਨੇ 76.600 ਕਰੋੜ ਰੁਪਏ ਦੇ ਨਾ ਵਸੂਲ ਹੋ ਸਕਣ ਵਾਲੇ ਕਰਜ਼ਿਆਂ ਨੂੰ ਰਾਈਟ ਆਫ ਕਰ, ਉਨ੍ਹਾਂ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਹੈ। ਦਸਿਆ ਗਿਆ ਹੈ ਕਿ ਇਹ ਕਰਜ਼ੇ 220 ਲੋਕਾਂ ਨੇ ਲਏ ਸਨ, ਜਿਨ੍ਹਾਂ ਨੂੰ ਉਹ ਹੁਣ ਚੁਕਾ ਨਹੀਂ ਪਾ ਰਹੇ। ਇਨ੍ਹਾਂ ਵਿਚੋਂ ਹਰ-ਇੱਕ ਦੇ ਨਾਂ 100 ਕਰੋੜ ਰੁਪਏ ਤੋਂ ਵੀ ਵੱਧ ਦਾ ਕਰਜ਼ਾ ਹੈ। ਦਸਿਆ ਗਿਆ ਹੈ ਕਿ ਇਹ ਖੁਲਾਸਾ ਆਰਟੀਆਈ ਰਾਹੀਂ ਮੰਗੀ ਗਈ ਇੱਕ ਜਾਣਕਾਰੀ ਦੇ ਜਵਾਬ ਵਿੱਚ ਹੋਇਆ ਹੈ। ਇਹ ਵੀ ਦਸਿਆ ਗਿਆ ਕਿ ਐਸਬੀਆਈ 31 ਮਾਰਚ 2019 ਤਕ, 33 ਕਰਜ਼ਾਧਾਰੀਆਂ ਪਾਸੋਂ 33,700 ਕਰੋੜ ਰੁਪਏ ਦਾ ਕਰਜ਼ਾ ਵਸੂਲ ਹੀ ਨਹੀਂ ਸੀ ਕਰ ਸਕਿਆ। ਇਹਨਾਂ ਕਰਜ਼ਾਧਾਰੀਆਂ ਵਿਚੋਂ ਹਰ ਇਕ ਦੇ ਨਾਂ 500 ਕਰੋੜ ਰੁਪਏ ਜਾਂ ਇਸਤੋਂ ਵੱਧ ਦਾ ਕਰਜ਼ਾ ਹੈ। ਖਬਰਾਂ ਅਨੁਸਾਰ ਬੈਂਕ ਵਲੋਂ 100 ਕਰੋੜ ਤੋਂ ਵੱਧ ਕਰਜ਼ੇ ਲੈਣ ਵਾਲਿਆਂ ਦੇ ਕੁਲ 2.75 ਲੱਖ ਕਰੋੜ ਰੁਪਏ ਦੇ ਕਰਜ਼ੇ ਰਾਈਟ ਆਫ ਕੀਤੇ ਗਏ ਹਨ।

ਕੇਵਲ ਐਸਬੀਆਈ ਹੀ ਨਹੀਂ ...: ਦਸਿਆ ਜਾਂਦਾ ਹੈ ਕਿ ਮਾੜੇ ਕਰਜ਼ੇ ਅਰਥਾਤ ਵਸੂਲ ਨਾ ਹੋ ਪਾਣ ਵਾਲੇ ਕਰਜ਼ੇ ਰਾਈਟ ਆਫ ਕਰ ਦੇਣ ਵਾਲਾ ਬੈਂਕ, ਕੇਵਲ ਐਸਬੀਆਈ ਹੀ ਇੱਕ-ਮਾਤ੍ਰ ਬੈਂਕ ਨਹੀਂ। 31 ਮਾਰਚ ਨੂੰ ਪੰਜਾਬ ਨੈਸਨਲ ਬੈਂਕ ਨੇ ਵੀ 94 ਕਰਜ਼ਾਧਾਰੀਆਂ 27,024 ਕਰੋੜ ਰੁਪਏ ਦਾ ਕਰਜ਼ ਰਾਈਟ ਆਫ ਕੀਤਾ ਹੈ। ਪੰਜਾਬ ਨੈਸ਼ਨਲ ਬੈਂਕ ਨੇ 500 ਕਰੋੜ ਤੋਂ ਵੱਧ ਦਾ ਕਰਜ਼ ਲੈਣ ਵਾਲੇ 12 ਵੱਡੇ ਡਿਫਾਲਟਰਾਂ ਦਾ ਵੀ 9,037 ਕਰੋੜ ਦਾ ਕਰਜ਼ਾ ਰਾਈਟ ਆਫ ਕੀਤਾ ਹੈ। ਮੰਨਿਆ ਜਾਂਦਾ ਹੈ ਕਿ ਜੋ ਕਰਜ਼ਾ ਬੈਂਕ ਵਲੋਂ ਵਸੂਲ ਕੀਤਾ ਜਾਣਾ ਸੰਭਵ ਨਹੀਂ ਰਹਿ ਗਿਆ ਹੁੰਦਾ, ਉਸਨੂੰ ਉਸ ਵਲੋਂ ਰਾਈਟ ਆਫ ਕਰ ਦਿੱਤਾ ਜਾਂਦਾ ਹੈ। ਇਸਦਾ ਉਦੇਸ਼ ਬੈਂਕ ਦੇ ਖਾਤੇ ਅਪ-ਟੂ-ਡੇਟ (ਦਰੁਸਤ) ਕਰਨਾ ਮੰਨਿਆ ਜਾਂਦਾ ਹੈ। ਦਸਿਆ ਗਿਆ ਹੈ ਕਿ ਕਰਜ਼ਿਆਂ ਨੂੰ ਰਾਈਟ ਆਫ ਕਰਨ ਦੇ ਬਾਵਜੂਦ, ਉਨ੍ਹਾਂ ਦੀ ਵਸੂਲੀ ਦੀ ਆਸ ਬਣੀ ਰਹਿੰਦੀ ਹੈ 'ਤੇ ਇਸਦੇ ਲਈ ਜਤਨ ਜਾਰੀ ਰਖੇ ਜਾਂਦੇ ਹਨ। ਬੈਂਕ ਇਨ੍ਹਾਂ ਦੀ ਵਸੂਲੀ ਲਈ ਕਾਨੂੰਨੀ ਰਾਹ ਅਪਨਾਣ ਵਿੱਚ ਵੀ ਸੁਤੰਤਰ ਹੁੰਦਾ ਹੈ।

ਸਰਕਾਰੀ ਬੈਂਕਾਂ ਵਿੱਚ ਵੱਡਾ ਫਰਾਡ: ਸੂਚਨਾ ਦੇ ਅਧਿਕਾਰ ਅਧੀਨ ਉਪਲਬੱਧ ਹੋਈ ਇੱਕ ਜਾਣਕਾਰੀ ਅਨੁਸਾਰ ਵਰਤਮਾਨ ਵਰ੍ਹੇ ਦੀ ਪਹਿਲੀ ਤਿਮਾਹੀ (ਅਪ੍ਰੈਲ ਤੋਂ ਜੂਨ) ਦੇ ਦੌਰਾਨ ਸਾਰਵਜਨਿਕ (ਸਰਕਾਰੀ) ਖੇਤ੍ਰ ਦੇ 18 ਬੈਂਕਾਂ ਵਿੱਚ 31,898.63 ਕਰੋੜ ਰੁਪਏ ਦਾ ਫਰਾਡ (ਧੋਖਾਧੜੀ) ਹੋਣ ਦੇ 2480 ਮਾਮਲੇ ਸਾਹਮਣੇ ਆਏ ਹਨ। ਇਹ ਵੀ ਦਸਿਆ ਗਿਆ ਹੈ ਕਿ ਇਸ ਸਮੇਂ ਦੌਰਾਨ ਦੇਸ਼ ਦਾ ਚੋਟੀ ਦਾ ਬੈਂਕ, ਭਾਰਤੀ ਸਟੇਟ ਬੈਂਕ (ਐਸਬੀਆਈ) ਸਭ ਤੋਂ ਵੱਡਾ ਸ਼ਿਕਾਰ ਬਣਿਆ ਹੈ। ਕਿਉਂਕਿ ਇਨ੍ਹਾਂ ਮਾਮਲਿਆਂ ਵਿੱਚੋਂ ਲਗਭਗ 38 ਪ੍ਰਤੀਸ਼ਤ ਧਨ-ਰਾਸ਼ੀ ਨਾਲ ਜੁੜੇ ਮਾਮਲੇ ਕੇਵਲ ਇਸੇ ਬੈਂਕ (ਐਸਬੀਆਈ) ਵਲੋਂ ਹੀ ਪ੍ਰਗਟ ਕੀਤੇ ਗਏ ਹਨ। ਮੱਧ ਪ੍ਰਦੇਸ਼ ਦੇ ਨੀਮਚ ਨਿਵਾਸੀ ਆਰਟੀਆਈ ਵਰਕਰ ਚੰਦਰ ਸ਼ੇਖਰ ਗੌੜ ਨੇ ਦਸਿਆ ਕਿ ਰਿਜ਼ਰਵ ਬੈਂਕ (ਆਰਬੀਆਈ) ਦੇ ਇੱਕ ਅਧਿਕਾਰੀ ਨੇ ਉਸਨੂੰ ਇਹ ਜਾਣਕਾਰੀ ਦਿੱਤੀ ਹੈ।

...ਅਤੇ ਅੰਤ ਵਿੱਚ: ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਭਾਰਤੀ ਆਰਥਕਤਾ ਵਿੱਚ ਮੰਦੀ ਹੋਣ ਦੀ ਚਰਚਾ ਨੂੰ ਪੂਰੀ ਤਰ੍ਹਾਂ ਖਾਰਿਜ ਕਰ ਦਿੱਤਾ ਅਤੇ ਆਪਣੇ ਇਸ ਦਾਅਵੇ ਨੂੰ ਸਾਬਤ ਕਰਦਿਆਂ ਇੱਕ ਅਜੀਬ ਜਿਹੀ ਦਲੀਲ ਦਿੰਦਿਆਂ ਕਿਹਾ ਕਿ ਪਿਛਲੀ 2 ਅਕਤੂਬਰ ਨੂੰ ਰਲੀਜ਼ ਹੋਈਆਂ ਤਿੰਨ ਫਿਲਮਾਂ ਨੇ ਇਕੋ ਦਿਨ ਵਿੱਚ 120 ਕੋੜ ਦੀ ਕਮਾਈ ਕੀਤੀ ਹੈ। ਦੇਸ਼ ਦੀ ਆਰਥਕਤਾ ਮਜ਼ਬੂਤ ਹੋਣ ਦੇ ਕਾਰਣ ਹੀ, ਇਹ ਫਿਲਮਾਂ ਇਤਨੀ ਕਮਾਈ ਕਰਨ ਵਿੱਚ ਕਾਮਯਾਬ ਹੋ ਸਕੀਆਂ ਹਨ।

ਮੋਬਾ: 91 95 82 71 98 90

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

JOSHI LAW OFFICE
Barrister, Solicitor & Notary Public
info@joshilawoffice.com | joshilawoffice.com
- Immigration
- Real Estate / Commercial Law
- Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
FREE NO OBLIGATION ESTIMATES
We are Professional, Reliable & Experienced
AAA LANDSCAPING CO LTD
647-784-1213

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755



## ਕਰਤਾਰਪੁਰ ਲਾਂਘੇ ਰਾਹੀਂ ਯਾਤਰਾ ਕਰਨ ਦੇ ਫਾਰਮ ਜਾਰੀ

ਅੰਮ੍ਰਿਤਸਰ, 17 ਅਕਤੂਬਰ (ਪੋਸਟ ਬਿਊਰੋ)- ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਡੇਰਾ ਬਾਬਾ ਨਾਨਕ ਵਾਲੇ ਲਾਂਘੇ ਰਾਹੀਂ ਯਾਤਰਾ ਕਰਨ ਦੇ ਫਾਰਮ ਜਾਰੀ ਕਰ ਦਿੱਤੇ ਜਾਣ ਦੀ ਖਬਰ ਸੂਤਰਾਂ ਦੇ ਹਵਾਲੇ ਨਾਲ ਆਈ ਹੈ, ਪਰ ਅਧਿਕਾਰਕ ਤੌਰ 'ਤੇ ਇਨ੍ਹਾਂ ਬਾਰੇ ਪੁਸ਼ਟੀ ਨਹੀਂ ਕੀਤੀ ਗਈ ਹੈ। 'ਪ੍ਰਕਾਸ਼ ਪੁਰਬ 550' ਸਿਰਲੇਖ ਵਾਲੇ ਦੋ ਸਫਿਆਂ ਵਾਲੇ ਫਾਰਮ ਨੂੰ ਏ ਤੋਂ ਡੀ ਤੱਕ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਫਾਰਮ ਦੇ ਏ-ਭਾਗ ਵਿੱਚ ਯਾਤਰਾ ਕਰਨ ਵਾਲੇ ਵਿਅਕਤੀ ਦੀ ਰੰਗਦਾਰ ਤਸਵੀਰ ਸਮੇਤ ਉਸ ਦਾ ਪਾਸਪੋਰਟ ਨੰਬਰ ਅਤੇ ਪਾਸਪੋਰਟ ਬਾਰੇ ਹੋਰ ਮੁਕੰਮਲ ਜਾਣਕਾਰੀ, ਯਾਤਰੂ ਦਾ ਨਾਂਅ, ਜਨਮ ਮਿਤੀ ਅਤੇ ਪਰਵਾਰ ਬਾਰੇ ਜਾਣਕਾਰੀ ਲਿਖਣੀ ਹੋਵੇਗੀ। ਬੀ-ਭਾਗ ਵਿੱਚ ਯਾਤਰੂ ਦਾ ਆਧਾਰ ਕਾਰਡ ਨੰਬਰ, ਪੈਨ ਨੰਬਰ, ਖ਼ੂਨ ਦਾ ਗਰੁੱਪ, ਮੋਬਾਈਲ, ਈ-ਮੇਲ ਨੰਬਰ ਅਤੇ ਕਾਰੋਬਾਰ ਬਾਰੇ ਜਾਣਕਾਰੀ ਦੇਣੀ ਹੋਵੇਗੀ। ਸੀ-ਭਾਗ 'ਚ ਯਾਤਰੂ ਨੂੰ ਇਹ ਦੱਸਣਾ ਹੋਵੇਗਾ ਕਿ ਉਸ 'ਤੇ ਕਿਸੇ ਪ੍ਰਕਾਰ ਦਾ ਕੋਈ ਅਪਰਾਧਕ ਕੇਸ ਤਾਂ ਨਹੀਂ। ਡੀ-ਭਾਗ ਵਿੱਚ ਦੱਸਣਾ ਹੋਵੇਗਾ ਕਿ ਉਹ ਇਕੱਲਾ ਯਾਤਰਾ ਕਰੇਗਾ ਜਾਂ ਗਰੁੱਪ 'ਚ।

## ਰਾਜੋਆਣਾ ਦੀ ਰਿਹਾਈ ਨਹੀਂ ਹੋਵੇਗੀ

*** ਅਮਿਤ ਸ਼ਾਹ ਵੱਲੋਂ ਇੱਕ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਖੁਲਾਸਾ**



ਲੁਧਿਆਣਾ, 17 ਅਕਤੂਬਰ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਮੀਡੀਆ ਵਿੱਚ ਛਪੀ ਖਬਰ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਫ ਕਰ ਦਿੱਤਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਨਹੀਂ ਹੋਵੇਗੀ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਦਿਵਸ ਮੌਕੇ ਸਜ਼ਾ ਪੂਰੀ ਹੋਣ ਪਿੱਛੋਂ ਲੰਬੇ ਸਮੇਂ ਤੋਂ ਜੇਲਾਂ ਵਿੱਚ ਬੰਦ ਕੈਦੀਆਂ ਦੀ ਰਿਹਾਈ ਦੇ ਫੈਸਲੇ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਉਨ੍ਹਾਂ 'ਚ ਬਲਵੰਤ ਸਿੰਘ ਰਾਜੋਆਣਾ ਦਾ ਨਾਂਅ ਵੀ ਸ਼ਾਮਲ ਹੋਣ ਦੀਆਂ ਅਟਕਲਾਂ ਸਨ ਅਤੇ ਇਸ ਸੰਬੰਧ ਵਿੱਚ ਬੇਅੰਤ ਸਿੰਘ ਦੇ ਪਰਵਾਰ ਨੇ ਉਸ ਦੀ ਤਿੱਖੇ ਸ਼ਬਦਾਂ ਵਿੱਚ ਵਿਰੋਧ ਸ਼ੁਰੂ ਕਰ ਦਿੱਤਾ ਸੀ।

ਕਾਂਗਰਸੀ ਪਾਰਲੀਮੈਂਟ ਮੈਂਬਰ ਰਵਨੀਤ ਬਿੱਟੂ ਨੇ ਇਹ ਦਲੀਲ ਦਿੱਤੀ ਸੀ ਕਿ ਰਾਜੋਆਣਾ ਵੱਲੋਂ ਆਪਣਾ ਜੁਰਮ ਮੰਨਣ ਤੋਂ ਬਾਅਦ ਵੀ ਸਜ਼ਾ ਮੁਆਫੀ ਦੀ ਕੋਈ ਅਪੀਲ ਹੀ ਨਹੀਂ ਕੀਤੀ। ਰਾਜੋਆਣਾ ਦੀ ਰਿਹਾਈ ਕਾਰਨ ਪੰਜਾਬ ਵਿੱਚ ਮਾਹੌਲ ਖਰਾਬ ਹੋਣ ਦੀ ਸ਼ੰਕਾ ਪ੍ਰਗਟ ਕਰਦਿਆਂ ਰਵਨੀਤ ਸਿੰਘ ਬਿੱਟੂ ਨੇ ਦੁੱਖ ਪ੍ਰਗਟਾਇਆ ਕਿ ਅਕਾਲੀ ਦਲ ਤੇ ਭਾਜਪਾ ਦੇ ਨੇਤਾਵਾਂ ਨੇ ਰਾਜੋਆਣਾ ਦੀ ਸਜ਼ਾ ਮੁਆਫੀ ਦਾ ਸਮਰਥਨ ਕੀਤਾ ਹੈ। ਇਸ ਦੌਰਾਨ ਵੱਲੋਂ ਕੇਂਦਰ ਨੂੰ ਭੇਜੀ ਟਾਡਾ ਅਧੀਨ ਜੇਲਾਂ ਵਿੱਚ ਬੰਦ ਕੈਦੀਆਂ ਦੀ ਲਿਸਟ 'ਚ ਰਾਜੋਆਣਾ ਦਾ ਨਾਂਅ ਸ਼ਾਮਲ ਹੋਣ ਅਤੇ ਉਸ ਨੂੰ ਫਾਂਸੀ ਦੀ ਸਜ਼ਾ ਨਾ ਦੇਣ ਬਾਰੇ ਚਰਚਾ ਛਿੜ ਗਈ ਤਾਂ ਰਾਜੋਆਣਾ ਦੀ ਰਿਹਾਈ ਬਾਰੇ ਕਾਂਗਰਸ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ। ਬੇਅੰਤ ਸਿੰਘ ਦੇ ਪੋਤਰੇ ਗੁਰਕੀਰਤ ਸਿੰਘ ਕੋਟਲੀ ਨੇ ਰਾਜੋਆਣਾ ਦੀ ਰਿਹਾਈ ਦੇ ਕਿਸੇ ਵੀ ਫੈਸਲੇ ਖਿਲਾਫ ਸੁਪਰੀਮ ਕੋਰਟ ਜਾਣ ਦਾ ਐਲਾਨ ਕਰ ਦਿੱਤਾ ਤੇ ਬਿੱਟੂ ਨੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਵੀ ਨਾਰਾਜ਼ਗੀ ਜ਼ਾਹਰ ਕੀਤੀ ਹੈ।

ਇਸ ਦਾ ਨਤੀਜਾ ਹੈ ਕਿ ਕੇਂਦਰ ਸਰਕਾਰ ਪਿੱਛੇ ਹਟ ਗਈ ਹੈ। ਇੱਕ ਚੈਨਲ ਨੂੰ ਦਿੱਤੇ ਇੰਟਰਵਿਊ 'ਚ ਅਮਿਤ ਸ਼ਾਹ ਨੇ ਸਾਫ ਕਰ ਦਿੱਤਾ ਹੈ ਕਿ ਰਾਜੋਆਣਾ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

## ਨਸ਼ੇ ਦੇ ਕੇਸ ਵਿੱਚ ਪੇਸ਼ ਨਾ ਹੋਏ ਤਿੰਨ ਪੁਲਸ ਵਾਲੇ ਗ੍ਰਿਫਤਾਰ

ਮੋਗਾ, 17 ਅਕਤੂਬਰ (ਪੋਸਟ ਬਿਊਰੋ)- ਨਸ਼ਾ ਤਸਕਰੀ ਦੇ ਕੇਸ ਵਿੱਚ ਤਿੰਨ ਸਾਲ ਤੋਂ ਗਵਾਹੀ ਤੋਂ ਬਚ ਰਹੇ ਇੱਕ ਏ ਐੱਸ ਆਈ ਅਤੇ ਦੋ ਹੈੱਡ ਕਾਂਸਟੇਬਲਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਨ੍ਹਾਂ ਤਿੰਨਾਂ ਨੂੰ 16 ਵਾਰ ਸੰਮਨ ਭੇਜਿਆ ਗਿਆ ਅਤੇ ਕੇਸ ਵੀ ਦਰਜ ਕੀਤਾ ਸੀ, ਪਰ ਉਹ ਗਵਾਹੀ ਦੇਣ ਨਹੀਂ ਆਏ। ਇਸ ਉੱਤੇ ਹਾਈ ਕੋਰਟ ਨੇ ਐੱਸ ਐੱਸ ਪੀ ਮੋਗਾ ਨੂੰ ਹੁਕਮ ਅਦੂਲੀ ਦਾ ਨੋਟਿਸ ਭੇਜਿਆ ਤਾਂ ਪੁਲਸ ਨੂੰ ਕਾਰਵਾਈ ਕਰਨੀ ਪਈ ਹੈ। ਤਿੰਨਾਂ ਨੂੰ ਕੱਲ੍ਹ ਦੁਪਹਿਰ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸੋਨੀਆ ਕਿੰਨਰਾਂ ਦੀ ਕੋਰਟ ਵਿੱਚ ਪੇਸ਼ ਕੀਤਾ ਜਾਣਾ ਸੀ। ਨਸ਼ਾ ਤਸਕਰੀ ਦੇ ਇਸੇ ਕੇਸ ਵਿੱਚ ਕੋਰਟ ਵਿੱਚ ਤਰੀਕ ਸੀ। ਉਨ੍ਹਾਂ ਦੇ ਛੁੱਟੀ ਉਤੇ ਹੋਣ ਕਾਰਨ ਪੇਸ਼ੀ ਨਹੀਂ ਹੋ ਸਕੀ। ਪਤਾ ਲੱਗਾ ਹੈ ਕਿ ਇਨ੍ਹਾਂ ਦੋਸ਼ੀਆਂ ਦੇ ਸਾਥੀ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਅਦਾਲਤ ਤੋਂ ਭਜਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਡੀ ਐੱਸ ਪੀ ਸਿਟੀ ਪਰਮਜੀਤ ਸਿੰਘ ਅਤੇ ਚਾਰ ਡੀ ਐੱਸ ਪੀ, ਥਾਣਾ ਇੰਚਾਰਜ ਸਿਟੀ ਲਛਮਣ ਸਿੰਘ ਅਤੇ ਪੁਲਸ ਪਾਰਟੀ ਸਮੇਤ ਕੋਰਟ ਪਹੁੰਚੇ ਅਤੇ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana
416.910.9000
rana@punjabinsurance.ca
10-7003 Steeles Ave. West,
Etobicoke, ON M9W 0A2
Harpreet Rana
416.871.3571
harpreetrana@punjabinsurance.ca

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address:
2130 North Park Dr.
Suite 246 Brampton, ON L6S 0C9
T: 905 799 9333
www.mannlawfirm.ca

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਬੜੇ ਹੀ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸਾਡੇ ਸਤਿਕਾਰਯੋਗ ਮਾਤਾ ਜੀ

# ਰਾਜਿੰਦਰ ਕੌਰ ਟਿਵਾਣਾ



ਪਿਛਲੇ ਦਿਨੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ
ਆਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ ।
ਉਨ੍ਹਾ ਦੇ ਅੰਤਮ ਸਸਕਾਰ ਸ਼ਨੀਵਾਰ 19 ਅਕਤੂਬਰ ਨੂੰ 12 ਤੋਂ 2 ਵਜੇ ਤਕ
ਲੋਟਸ ਫਿਊਨਰਲ ਸੈਂਟਰ
੧੨੧ ਸਿਟੀਵਿਊ ਡਰਾਇਵ, ਟੋਰਾਂਟੋ ਵਿਚ ਕੀਤੇ ਜਾਣਗੇ ।
ਇਸ ਤੋ ਉਪਰੰਤ ਅਖੰਡ ਪਾਠ ਸਾਹਿਬ ਦੇ ਭੋਗ
ਗੁਰਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ 2 ਵਜੇ ਤੋ 4 ਵਜੇ ਤੱਕ ਪਾਏ ਜਾਣਗੇ

ਦੁਖੀ ਹਿਰਦੇ : ਸਮੂਹ ਟਿਵਣਾ ਪ੍ਰੀਵਾਰ - ਸ਼: ਬਖਸੀਸ ਸਿੰਘ ਟਿਵਾਣਾ (ਪਤੀ)
ਨਵਦੀਪ ਸਿੰਘ ਟਿਵਾਣਾ (ਸਪੁਤਰ)- (416) 823-9472, ਸਰਬਦੀਪ ਸਿੰਘ ਟਿਵਾਣਾ (ਸਪੁਤਰ)-(647) 290-7171

ਨੋਬਲ ਫਰਨੀਚਰ



## ਵੈਟੀਕਨ ਨੇ ਕੇਰਲ ਦੀ ਨੰਨ ਦੀ ਪਟੀਸ਼ਨ ਰੱਦ ਕੀਤੀ

ਕੋਚੀ, 17 ਅਕਤੂਬਰ (ਪੋਸਟ ਬਿਊਰੋ)- ਵੈਟੀਕਨ ਨੇ ਫਰਾਂਸਿਸਕਨ ਕਲੈਰਿਸਟ ਕਾਂਗਗ੍ਰੇਸ਼ਨਸ (ਐੱਫ ਸੀ ਸੀ) ਦੇ ਫ਼ੈਸਲੇ ਦੇ ਖਿਲਾਫ਼ ਕੇਰਲ ਦੀ ਇੱਕ ਨੰਨ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਐੱਫ ਸੀ ਸੀ ਨਿਯਮਾਂ ਤੋਂ ਉਲਟੀ ਆਪਣੀ ਜੀਵਨ ਸ਼ੈਲੀ ਬਾਰੇ ਤਸੱਲੀ ਬਖ਼ਸ਼ ਜਵਾਬ ਨਾ ਦੇਣ ਉੱਤੇ ਨੰਨ ਨੂੰ ਕਾਂਗਗ੍ਰੇਸ਼ਨਸ ਵਿਚੋਂ ਕੱਢ ਦਿੱਤਾ ਗਿਆ ਹੈ। ਅਲੂਵਾ ਵਿਚਲੇ ਐੱਫ ਸੀ ਸੀ ਨੇ ਪੰਜ ਅਗਸਤ ਨੂੰ ਸਿਸਟਰ ਲੂਸੀ ਕਲਾਪੁਰਾ ਨੂੰ ਕੱਢ ਦਿੱਤਾ ਸੀ। ਐੱਫ ਸੀ ਸੀ ਦੇ ਪ੍ਰਮੁੱਖ ਅਨ ਜੋਸੇਫ ਨੇ ਇਸ ਸਬੰਧੀ ਪੱਤਰ ਜਾਰੀ ਕੀਤਾ ਸੀ। ਕਾਂਗਗ੍ਰੇਸ਼ਨ ਨੇ ਸਿਸਟਰ ਲੂਸੀ ਉੱਤੇ ਆਪਣੀਆਂ ਕਵਿਤਾਵਾਂ ਛਪਵਾਉਣ, ਕਾਰ ਖ਼ਰੀਦਣ ਅਤੇ ਬਲਾਤਕਾਰ ਦੇ ਦੋਸ਼ੀ ਜਲੰਧਰ ਡਾਇਓਸਿਸ ਦੇ ਸਾਬਕਾ ਬਿਸ਼ਪ ਦੇ ਖਿਲਾਫ਼ ਪ੍ਰਦਰਸ਼ਨ ਵਿਚ ਹਿੱਸਾ ਲੈਣ ਸਣੇ ਕਈ ਦੋਸ਼ ਲਾਏ ਸਨ। ਸਿਸਟਰ ਲੂਸੀ ਨੇ ਇਨ੍ਹਾਂ ਵਿਚੋਂ ਕਈ ਦੋਸ਼ਾਂ ਨੂੰ ਰੱਦ ਕਰ ਦਿੱਤਾ ਸੀ।

ਮਨਮੋਹਨ ਸਿੰਘ ਦਾ ਹਮਲਾ

## ਮੋਦੀ ਸਰਕਾਰ ਦਾ ਵਿਕਾਸ ਦਾ ਡਬਲ ਇੰਜਣ ਮਾਡਲ ਫੇਲ ਹੋਇਐ

ਮੁੰਬਈ, 17 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਬੈਂਕਾਂ ਦੀ ਖਸਤਾ ਹਾਲਤ ਲਈ ਪਿਛਲੀ ਸਰਕਾਰ ਨੂੰ ਜ਼ਿੰਮੇਵਾਰ ਦੱਸੇ ਜਾਣ ਉੱਤੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਪਲਟ ਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸੇ ਦੇ ਸਿਰ ਦੋਸ਼ ਲਾਉਣ ਦਾ ਇਸ ਸਰਕਾਰ ਉੱਤੇ ਜਨੂਨ ਸਵਾਰ ਹੈ, ਪਰ ਸੱਚ ਇਹ ਹੈ ਕਿ ਆਰਥਕ ਸੁਸਤੀ, ਸਰਕਾਰ ਦੀ ਉਦਾਸੀਨਤਾ ਨਾਲ ਲੋਕਾਂ ਦੇ ਭਵਿੱਖ ਤੇ ਇੱਛਾਵਾਂ ਉੱਤੇ ਅਸਰ ਪੈ ਰਿਹਾ ਹੈ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਕੇਂਦਰ ਅਤੇ ਰਾਜਾਂ ਵਿਚ ਇੱਕੋ ਪਾਰਟੀ ਦੀ ਸਰਕਾਰ ਵਾਲਾ ਮਾਡਲ ਫੇਲ੍ਹ ਹੋ ਚੁੱਕਾ ਹੈ, ਜਿਸ ਦੀ ਭਾਜਪਾ ਵੋਟਾਂ ਲਈ ਬਹੁਤ ਚਰਚਾ ਕਰਦੀ ਰਹੀ ਹੈ। ਆਰਥਕ ਸੁਸਤੀ ਨਾਲ ਸਭ ਤੋਂ ਵੱਧ ਮਹਾਰਾਸ਼ਟਰ ਪ੍ਰਭਾਵਤ ਹੈ। ਉਨ੍ਹਾਂ ਕਿਹਾ ਕਿ ਚੀਨੀ ਮਾਲ ਨਾਲ ਮਹਾਰਾਸ਼ਟਰ ਵਿਚ ਪ੍ਰੋਡਕਟ ਪੈਦਾ ਕਰਨ ਉੱਤੇ ਉਲਟਾ ਅਸਰ ਪੈ ਰਿਹਾ ਹੈ ਤੇ ਉਦਯੋਗਿਕ ਖੇਤਰ ਵਿਚ ਗਿਰਾਵਟ



ਆਈ ਹੈ। ਇਸ ਕਾਰਨ ਮਹਾਰਾਸ਼ਟਰ ਵਿਚ ਮੌਕਿਆਂ ਦੀ ਭਾਰੀ ਕਮੀ ਆਈ ਅਤੇ ਨੌਜਵਾਨਾਂ ਨੂੰ ਘੱਟ ਤਨਖਾਹ ਉੱਤੇ ਨੌਕਰੀ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਮੁੰਬਈ ਵਿਚ ਪੰਜਾਬ ਅਤੇ ਮਹਾਰਾਸ਼ਟਰ ਕੋਆਪਰੇਟਿਵ (ਪੀ ਐਮ ਸੀ) ਬੈਂਕ ਦੇ ਖਾਤਾ ਧਾਰਕਾਂ ਨਾਲ ਬੈਠਕ ਵਿਚ ਮਨਮੋਹਨ ਸਿੰਘ ਨੇ ਕਿਹਾ, 'ਪੀ ਐਮ ਸੀ ਵਿਚ ਜੋ ਹੋਇਆ, ਉਹ ਬਦਕਿਸਮਤੀ ਨਾਲ ਹੋਇਆ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ, ਪ੍ਰਧਾਨ ਮੰਤਰੀ, ਵਿੱਤ ਮੰਤਰੀ ਤੇ ਰਿਜ਼ਰਵ ਬੈਂਕ ਦੇ ਗਵਰਨਰ ਨੂੰ ਮੇਰੀ ਅਪੀਲ ਹੈ ਕਿ ਇਸ ਨੂੰ ਛੇਤੀ ਸੰਭਾਲਣ ਅਤੇ ਮਿਲ ਕੇ ਕੋਈ ਹੱਲ ਕੱਢਣ ਤਾਂ ਜੋ 16 ਲੱਖ ਖਾਤਾ ਧਾਰਕਾਂ ਨੂੰ ਰਾਹਤ ਮਿਲੇ'। ਉਨ੍ਹਾਂ ਕਿਹਾ, 'ਇਹ ਮਾਮਲਾ ਸੁਪਰੀਮ ਕੋਰਟ ਵਿੱਚ ਹੈ ਅਤੇ ਮੈਂ ਬਹੁਤਾ ਨਹੀਂ ਕਹਾਂਗਾ, ਪਰ ਮੈਨੂੰ ਯਕੀਨ ਹੈ ਕਿ ਰਿਜ਼ਰਵ ਬੈਂਕ ਇਸ ਦੇ ਹੱਲ ਲਈ ਕੋਈ ਤਰੀਕਾ ਜ਼ਰੂਰ ਅਪਣਾਵੇਗਾ ਅਤੇ ਆਸ ਹੈ ਕਿ ਸਰਕਾਰ ਅਜਿਹਾ ਕੋਈ ਕਦਮ ਚੁੱਕੇ, ਜਿਸ ਨਾਲ 16 ਲੱਖ ਖਾਤਾ ਧਾਰਕਾਂ ਨੂੰ ਰਾਹਤ ਮਿਲ ਸਕੇ'।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਦੇ ਬਿਆਨ ਉੱਤੇ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਦੇ ਸਮੇਂ ਜੋ ਹੋਇਆ, ਉਹ ਹੋਇਆ, ਕੁਝ ਕਮਜ਼ੋਰੀਆਂ ਸਨ, ਪਰ ਮੌਜੂਦਾ ਸਰਕਾਰ ਨੂੰ ਸਾਡੀਆਂ ਕਮਜੋਰੀਆਂ ਨਾਲ ਸਿੱਖ ਕੇ ਅਰਥ ਵਿਵਸਥਾ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ ਚਾਹੀਦਾ ਹੈ। ਫਾਈਵ ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਦੇ ਸਰਕਾਰ ਦੇ ਟੀਚੇ ਬਾਰੇ ਉਨ੍ਹਾਂ ਕਿਹਾ ਕਿ 'ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ 5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਲਈ ਹਰ ਸਾਲ 10 ਤੋਂ 12 ਫੀਸਦੀ ਗ੍ਰੋਥ ਰੇਟ ਚਾਹੀਦਾ ਹੈ, ਪਰ ਹਰ ਸਾਲ ਗ੍ਰੋਥ ਰੇਟ ਘੱਟ ਹੋ ਰਿਹਾ ਹੈ।

## ਬੱਚਿਆਂ ਨੂੰ ਰੱਜਵੀਂ ਰੋਟੀ ਦੇਣ ਪੱਖੋਂ ਪਾਕਿ ਤੋਂ ਵੀ ਪਛੜਿਆ ਭਾਰਤ

ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਗਲੋਬਲ ਹੰਗਰ ਟ੍ਰੈਕਿੰਗ ਨੇ ਕੱਲ੍ਹ ਭਾਰਤ ਦੇ ਹੈਰਾਨੀ ਵਾਲੇ ਅੰਕੜੇ ਜਾਰੀ ਕੀਤੇ ਹਨ। ਇਸ ਮੁਤਾਬਕ ਭਾਰਤ ਵਿਸ਼ਵ ਦੇ ਉਨ੍ਹਾਂ 117 ਦੇਸ਼ਾਂ ਵਿੱਚ 102ਵੇਂ ਨੰਬਰ ਉੱਤੇ ਆ ਗਿਆ ਹੈ, ਜਿੱਥੇ ਬੱਚਿਆਂ ਦੀ ਲੰਬਾਈ ਅਨੁਸਾਰ ਵਜ਼ਨ ਨਹੀਂ ਹੈ। ਬਾਲ ਮੌਤ ਦਰ ਵੱਧ ਅਤੇ ਬੱਚੇ ਕੁਪੋਸ਼ਿਤ ਹਨ।

ਮਿਲੀ ਜਾਣਕਾਰੀ ਅਨੁਸਾਰ ਗਲੋਬਲ ਹੰਗਰ ਇੰਡੈਕਸ 2019 ਵਿੱਚ ਕਿਹਾ ਗਿਆ ਹੈ ਕਿ ਬੱਚਿਆਂ ਨੂੰ ਇਸ ਤਰ੍ਹਾਂ ਨੁਕਸਾਨ ਪੁਚਾਉਣ ਦਾ ਅੰਕੜਾ 20.8 ਫੀਸਦੀ ਹੈ। ਰਿਪੋਰਟ ਮੁਤਾ-ਬਕ ਵਿਸ਼ਵ ਵਿੱਚ ਬੱਚਿਆਂ ਦੇ ਮਾਮਲੇ ਵਿੱਚ ਖਰਾਬ ਪ੍ਰਦਰਸ਼ਨ ਯਮਨ, ਜ਼ਿਬੂਤੀ ਅਤੇ ਭਾਰਤ ਦਾ ਰਿਹਾ ਹੈ। ਗਲੋਬਲ ਹੰਗਰ ਇੰਡੈਕਸ ਵਿੱਚ ਕਿਹਾ



ਗਿਆ ਹੈ ਕਿ ਭਾਰਤ ਵਿੱਚ ਛੇ ਤੋਂ 23 ਮਹੀਨੇ ਦੀ ਉਮਰ ਦੇ ਸਿਰਫ 9.6 ਬੱਚਿਆਂ ਨੂੰ ਘੱਟੋ ਘੱਟ ਲੋੜੀਂਦੀ ਖੁਰਾਕ ਮਿਲਦੀ ਹੈ। ਰਿਪੋਰਟ ਨੇ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸਾਲ 2016-18 ਵਿੱਚ ਕਰਾਏ ਸਰਵੇ ਦੇ ਆਧਾਰ 'ਤੇ ਦੱਸਿਆ ਹੈ ਕਿ ਭਾਰਤ ਵਿੱਚ 35 ਫੀਸਦੀ ਬੱਚੇ ਛੋਟੇ ਕੱਦ ਦੇ ਹਨ, ਜਦ ਕਿ 17 ਫੀਸਦੀ ਬੱਚੇ ਕਮਜ਼ੋਰ ਹਨ।

ਵਰਨਣ ਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਸਿਹਤ ਮੰਤਰਾਲੇ ਵੱਲੋਂ ਜਾਰੀ ਵੱਡੇ ਰਾਸ਼ਟਰੀ ਪੋਸ਼ਣ ਸਰਵੇਖਣ ਨੇ ਦੇਸ਼ ਵਿੱਚ 19 ਸਾਲ ਤੱਕ ਦੇ 1,12,000 ਬੱਚਿਆਂ ਦਾ ਮੁਲਾਂਕਣ ਕੀਤਾ ਸੀ ਕਿ ਕੁਪੋਸ਼ਣ ਵਿੱਚ ਕਮੀ ਦੇ ਉਪਾਅ ਵਿੱਚ ਵਾਧਾ ਹੋਇਆ ਹੈ। ਨਿਊਟ੍ਰੀਸ਼ਨ ਮਾਹਰਾਂ ਦੇ ਮੁਤਾਬਕ ਸਾਲ 2016-18 ਵਿੱਚ ਸੀ ਐਨ ਐਨ ਐਸ ਦੇ ਅੰਕੜਿਆਂ ਅਤੇ ਗਲੋਬਲ ਹੰਗਰ ਇੰਡੈਕਸ ਦੇ ਅੰਕੜਿਆਂ ਦੀ ਤੁਲਨਾ ਦੇ ਵਕਤ ਭਾਰਤ ਵਿੱਚ ਬਾਲ ਕੁਪੋਸ਼ਣ ਦਾ ਪੱਧਰ ਘੱਟ ਹੈ। ਗਲੋਬਲ ਹੰਗਰ ਇੰਡੈਕਸ ਦਾ ਅੰਕੜਾ ਉਨ੍ਹਾਂ ਦੇਸ਼ਾਂ ਬਾਰੇ ਹੈ, ਜਿੱਥੇ ਬੱਚਿਆਂ ਨੂੰ ਪੇਟ ਭਰ ਖਾਣਾ ਨਹੀਂ ਮਿਲਦਾ। ਰਿਪੋਰਟ ਮੁਤਾਬਕ ਭਾਰਤ ਏਸ਼ੀਆ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਹੈ ਅਤੇ ਗਲੋਬਲ ਹੰਗਰ ਇੰਡੈਕਸ ਵਿੱਚ ਇਸ ਦਾ ਥਾਂ ਦੱਖਣੀ ਏਸ਼ੀਆ ਦੇ ਦੇਸ਼ਾਂ ਤੋਂ ਵੀ ਹੇਠਾਂ ਹੈ। ਇਸ ਦਾ ਮਤਲਬ ਹੈ ਕਿ ਭਾਰਤ ਪਾਕਿਸਤਾਨ, ਬੰਗਲਾ ਦੇਸ਼, ਨੇਪਾਲ ਅਤੇ ਸ੍ਰੀਲੰਕਾ ਤੋਂ ਪਿੱਛੇ ਹੈ, ਜਿਨ੍ਹਾਂ ਦੀ ਰੈਕਿੰਗ 94, 88, 73 ਅਤੇ 66 ਹੈ। ਸਾਲ 2010 ਵਿੱਚ ਭਾਰਤ ਇਸ ਸੂਚੀ ਵਿੱਚ 95ਵੇਂ ਨੰਬਰ 'ਤੇ ਸੀ, ਜੋ 2019 ਵਿੱਚ ਘਟ ਕੇ 102ਵੇਂ ਸਥਾਨ ਉਤੇ ਆ ਗਿਆ ਹੈ।

## ਓਡੀਸਾ ਵਿੱਚ ਖਾਣਾ ਪਰੋਸਣ ਸਮੇਤ ਕਈ ਕੰਮ ਰੋਬੋਟ ਤੋਂ ਕਰਾਉਣ ਵਾਲਾ ਰੈਸਟੋਰੈਂਟ ਖੁੱਲ੍ਹਾ

ਭੁਵਨੇਸ਼ਵਰ, 17 ਅਕਤੂਬਰ (ਪੋਸਟ ਬਿਊਰੋ)- ਦੁਨੀਆ ਵਿੱਚ ਅਜਿਹੇ ਰੈਸਟੋਰੈਂਟ ਹਨ, ਜਿੱਥੇ ਰੋਬੋਟ ਗਾਹਕਾਂ ਨੂੰ ਖਾਣਾ ਪਰੋਸਦੇ ਹਨ। ਭਾਰਤ ਵਿੱਚ ਓਡੀਸ਼ਾ ਦੇ ਭੁਵਨੇਸ਼ਵਰ ਵਿੱਚ ਵੀ ਅਜਿਹਾ ਰੈਸਟੋਰੈਂਟ ਖੁੱਲ੍ਹ ਗਿਆ ਹੈ, ਜਿੱਥੇ ਰੋਬੋਟ ਗਾਹਕਾਂ ਨੂੰ ਖਾਣਾ ਪਰੋਸ-ਦੇ ਹਨ। ਇਸ ਰੈਸਟੋਰੈਂਟ ਵਿੱਚ 'ਰੋਬੋ ਸ਼ੈਫ' ਦੇ ਹੱਥੋਂ ਖਾਣਾ ਲੈ ਕੇ ਖਾਣ ਵਾਲੇ ਲੋਕਾਂ ਦੀ ਭੀੜ ਲੱਗਦੀ ਹੈ। ਇੱਥੇ ਰੋਬੋਟ ਗਾਹਕਾਂ ਤੋਂ ਖਾਣੇ ਦਾ ਆਰਡਰ ਲੈਂਦੇ ਅਤੇ ਫਿਰ ਆਪਣੇ ਹੱਥਾਂ ਨਾਲ ਖਾਣਾ ਪਰੋਸਦੇ ਹਨ।

ਪਤਾ ਲੱਗਾ ਹੈ ਕਿ ਬਹੁਤ ਸਾਰੇ ਲੋਕ ਇਸ ਰੈਸਟੋਰੈਂਟ ਵਿੱਚ ਖਾਣਾ ਖਾਣ ਦੇ ਬਹਾਨੇ ਰੋਬੋਟ ਨੂੰ ਦੇਖਣ ਆ ਰਹੇ ਹਨ ਅਤੇ ਕੰਮ ਕਰਦੇ ਰੋਬੋਟ ਦਾ ਵੀਡੀਓ ਬਣਾ ਰਹੇ ਹਨ। ਫਿਲਹਾਲ ਇਸ ਰੈਸਟੋਰੈਂਟ ਵਿਚ ਦੋ ਰੋਬੋਟ ਹਨ, ਜੋ ਗਾਹਕਾਂ ਨਾਲ ਗੱਲ ਕਰਦੇ ਅਤੇ ਉਨ੍ਹਾਂ ਦੀ ਪਸੰਦ ਮੁਤਾਬਕ ਉਨ੍ਹਾਂ ਨੂੰ ਖਾਣਾ ਪਰੋਸਦੇ ਹਨ। ਰੈਸਟੋਰੈਂਟ ਦੇ ਮਾਲਕ ਜੀਤ ਬਾਸਾ ਨੇ ਦੱਸਿਆ ਕਿ ਦੋਹਾਂ ਰੋਬੋਟ ਦਾ ਨਾਮ ਚੰਬਾ ਅਤੇ ਚਮੇਲੀ ਰੱਖਿਆ ਗਿਆ ਹੈ। ਇਹ ਭਾਰਤ ਵਿਚ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਪੂਰਬੀ ਭਾਰਤ ਦਾ ਪਹਿਲਾ ਅਜਿਹਾ ਰੈਸਟੋਰੈਂਟ ਹੈ, ਜਿੱਥੇ ਰੋਬੋਟ ਖਾਣਾ ਪਰੋਸਦੇ ਹਨ। ਜੀਤ ਨੇ ਦੱਸਿਆ ਕਿ ਰੋਬੋਟ ਰਾਡਾਰ ਦੇ ਆਧਾਰ ਉੱਤੇ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਜੋ ਕਮਾਂਡ ਦਿੱਤੀ ਜਾਂਦੀ ਹੈ, ਉਸ ਮੁਤਾਬਕ ਇਹ ਕੰਮ ਕਰਦੇ ਹਨ। ਇਹ ਰੋਬੋਟ ਉੜੀਆ ਸਮੇਤ ਕਿਸੇ ਵੀ ਭਾਸ਼ਾ ਵਿਚ ਬੋਲ ਸਕਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਰੋਬੋਟ ਵਿਚ ਵਾਇਸ ਆਪਰੇਟੇਡ ਸਿਸਟਮ ਹੈ, ਜਿਸ ਦੀ ਮਦਦ ਨਾਲ ਉਹ ਰੈਸਟੋਰੈਂਟ ਵਿਚ ਆਏ ਗਾਹਕਾਂ ਦਾ ਸਵਾਗਤ ਕਰਦੇ ਹਨ। ਭਾਰਤ ਦਾ ਸਭ ਤੋਂ ਪਹਿਲਾ ਰੋਬੋਟ ਰੈਸਟੋਰੈਂਟ ਤਾਮਿਲ ਨਾਡੂ ਦੀ ਰਾਜਧਾਨੀ ਚੇਨਈ ਦੇ ਮਹਾਬਲੀਪੁਰਮ ਵਿਚ ਖੋਲ੍ਹਿਆ ਗਿਆ ਸੀ।

## ਕਸ਼ਮੀਰੀ ਅੱਤਵਾਦੀਆਂ ਵੱਲੋਂ ਅਬੋਹਰ ਦੇ ਵਪਾਰੀ ਦੀ ਹੱਤਿਆ



ਸ੍ਰੀਨਗਰ, 17 ਅਕਤੂਬਰ (ਪੋਸਟ ਬਿਊਰੋ)- ਅੱਤਵਾਦੀਆਂ ਨੇ ਕਸ਼ਮੀਰ ਦੇ ਸ਼ੋਪੀਆਂ 'ਚ ਅਬੋਹਰ ਜ਼ਿਲ੍ਹੇ ਦੇ ਦੋ ਵਪਾਰੀਆਂ ਨੂੰ ਗੋਲੀ ਮਾਰ ਦਿੱਤੀ, ਜਿਸ ਵਿੱਚੋਂ ਇੱਕ ਦੀ ਮੌਤ ਹੋ ਗਈ, ਦੂਜਾ ਗੰਭੀਰ ਜ਼ਖਮੀ ਹੈ। ਇਸ ਤੋਂ ਪਹਿਲਾਂ ਅੱਤਵਾਦੀਆਂ ਨੇ ਪੁਲਵਾਮਾ 'ਚ ਵੀ ਇੱਕ ਮਜ਼ਦੂਰ ਦੀ ਹੱਤਿਆ ਕਰ ਦਿੱਤੀ ਸੀ। ਇਸ ਹਮਲੇ 'ਚ ਜਾਨ ਗੁਆਉਣ ਵਾਲੇ ਵਪਾਰੀ ਦੀ ਪਛਾਣ ਚਰਨਜੀਤ ਸਿੰਘ ਵਜੋਂ ਹੋਈ ਅਤੇ ਜ਼ਖਮੀ ਵਪਾਰੀ ਦਾ ਨਾਂ ਸੰਜੀਵ ਕੁਮਾਰ ਹੈ। ਸੰਜੀਵ ਨੂੰ ਚਾਰ ਗੋਲੀਆਂ ਲੱਗੀਆਂ ਹਨ। ਉਹ ਸ੍ਰੀਨਗਰ ਦੇ ਐਸ ਐਮ ਐਚ ਐਸ ਹਸਪਤਾਲ 'ਚ ਦਾਖਲ ਹੈ।

ਸ਼ੋਪੀਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਅਬੋਹਰ ਤੋਂ ਆਏ ਦੋਵੇਂ ਫਲ ਵਪਾਰੀ ਸ਼ਾਮ ਕਰੀਬ ਸਾਢੇ ਸੱਤ ਵਜੇ ਜਦੋਂ ਟਰੱਕ ਵਿੱਚ ਸੇਬ ਦੀ ਪੇਟੀਆਂ ਲਦਵਾ ਰਹੇ ਸਨ ਤਾਂ ਅੱਤਵਾਦੀ ਆ ਗਏ ਅਤੇ ਉਨ੍ਹਾਂ ਨੇ ਦੋਵਾਂ ਉਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਅੱਤਵਾਦੀਆਂ ਨੇ ਉਥੇ ਪਈ ਸੇਬ ਦੀ ਫਸਲ ਤਬਾਹ ਕਰਨ ਤੋਂ ਇਲਾਵਾ ਸਥਾਨਕ ਲੋਕਾਂ ਨੂੰ ਵੀ ਕੁੱਟਿਆ। ਦੋਵਾਂ ਵਪਾਰੀਆਂ ਨੂੰ ਜ਼ਖਮੀ ਹਾਲਤ 'ਚ ਪੁਲ-ਵਾਮਾ ਦੇ ਜ਼ਿਲ੍ਹਾ ਹਸਪਤਾਲ ਲਿਜਾਂਦਾ ਗਿਆ, ਜਿੱਥੇ ਚਰਨਜੀਤ ਨੇ ਦਮ ਤੋੜ ਦਿੱਤਾ।

ਦੂਸਰੇ ਪਾਸੇ ਪੁਲਵਾਮਾ ਦੇ ਕਾਕਪੋਰਾ ਵਿੱਚ ਵਾਰਦਾਤ 'ਚ ਮਾਰਿਆ ਗਿਆ ਮਜ਼ਦੂਰ ਸੇਠੀ ਕੁਮਾਰ ਛੱਤੀਸਗੜ੍ਹ ਦੇ ਬਿਸੌਲੀ ਪਿੰਡ ਦਾ ਰਹਿਣਾ ਵਾਲਾ ਸੀ। ਉਹ ਪੁਲਵਾਮਾ ਦੇ ਨਿਹਾਮਾ ਵਿੱਚ ਇੱਕ ਇੱਟ-ਭੱਠੇ 'ਤੇ ਕੰਮ ਕਰਦਾ ਸੀ। ਇਸ ਤੋਂ ਪਹਿਲਾਂ ਪਿਛਲੇ ਦਿਨੀ ਨੂੰ ਅੱਤਵਾਦੀਆਂ ਨੇ ਸ਼ੋਪੀਆਂ 'ਚ ਰਾਜਸਥਾਨ ਦੇ ਟਰੱਕ ਡਰਾਈਵਰ ਦੀ ਹੱਤਿਆ ਕਰ ਦਿੱਤੀ ਸੀ। ਇਸ ਦੇ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਕਿਹਾ ਕਿ ਚਰਨਜੀਤ ਸਿੰਘ ਦੀ ਲਾਸ਼ ਪੰਜਾਬ ਲਿਆਉਣ ਲਈ ਮੈਂ ਜੰਮੂ ਕਸ਼ਮੀਰ ਸਰਕਾਰ ਨਾਲ ਗੱਲ ਕੀਤੀ ਹੈ। ਲਾਸ਼ ਨੂੰ ਸਨਮਾਨ ਪੂਰਵਕ ਅਬੋਹਰ 'ਚ ਉਨ੍ਹਾਂ ਦੇ ਘਰ ਲਿਆਂਦਾ ਜਾਵੇਗਾ। ਪਾਕਿਸਤਾਨੀ ਅੱਤਵਾਦੀਆਂ ਨੂੰ ਸਖਤ ਜਵਾਬ ਦੇਣਾ ਚਾਹੀਦਾ ਹੈ।

## ਕਸ਼ਮੀਰ 'ਚ ਪੱਥਰਬਾਜ਼ਾਂ ਦਾ ਮਾਸਟਰ ਮਾਈਂਡ ਗ੍ਰਿਫਤਾਰ

ਸ੍ਰੀਨਗਰ, 17 ਅਕਤੂਬਰ (ਪੋਸਟ ਬਿਊਰੋ)-ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਦੇ ਸੌਰਾ ਸਮੇਤ ਵੱਖ-ਵੱਖ ਖੇਤਰਾਂ ਵਿੱਚ ਦੇਸ਼ ਵਿਰੋਧੀ ਮੁਜ਼ਾਹਰਿਆਂ ਅਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਦੇ ਮਾਸਟਰ ਮਾਈਂਡ ਨੂੰ ਪੁਲਸ ਨੇ ਕੱਲ੍ਹ ਗ੍ਰਿਫਤਾਰ ਕਰ ਲਿਆ ਹੈ। ਉਸ ਦੇ ਖਿਲਾਫ 19 ਮੁਕੱਦਮੇ ਦਰਜ ਹਨ।

ਹਯਾਤ ਅਹਿਮਦ ਡਾਰ ਨਾਂਅ ਦਾ ਇਹ ਕੱਟੜਪੰਥੀ ਮਸੱਰਤ ਆਲਮ ਦੇ ਸੰਗਠਨ ਮੁਸਲਿਮ ਲੀਗ ਦੇ ਸੀਨੀਅਰ ਮੈਂਬਰਾਂ 'ਚ ਸ਼ਾਮਲ ਹੈ। ਟੈਰਰ ਫੰਡਿੰਗ ਵਿੱਚ ਤਿਹਾੜ ਜੇਲ੍ਹ 'ਚ ਬੰਦ ਮਸੱਰਤ ਆਲਮ ਨੇ ਸਾਲ 2008 ਅਤੇ 2010 'ਚ ਕਸ਼ਮੀਰ ਵਾਦੀ 'ਚ ਹੋਏ ਸਿਲਸਿ-ਲੇਵਾਰ ਬੰਦ ਦੇ ਪ੍ਰੋਗਰਾਮਾਂ ਅਤੇ ਹਿੰਸਕ ਪ੍ਰਦਰਸ਼ਨਾਂ 'ਚ ਅਹਿਮ ਭੂਮਿਕਾ ਨਿਭਾਈ ਸੀ। ਹਯਾਤ ਨੇ ਕਰੀਬ ਇੱਕ ਹਫਤਾ ਪਹਿਲਾਂ ਸੋਸ਼ਲ ਮੀਡੀਆ 'ਤੇ ਵੀਡੀਓ ਸੰਦੇਸ਼ ਜਾਰੀ ਕਰਕੇ ਕਸ਼ਮੀਰ 'ਚ ਆਜ਼ਾਦੀ ਅਤੇ ਯੂ ਐਨ ਦੇ ਮਤਿਆਂ ਮੁਤਾਬਕ ਰਿਫਰੈਂਡਮ ਦੀ ਮੰਗ ਕਰਦੇ ਹੋਏ ਲੋਕਾਂ ਨੂੰ ਦੇਸ਼ ਵਿਰੋਧੀ ਪ੍ਰਦਰਸ਼ਨਾਂ ਲਈ ਉਕਸਾਇਆ ਸੀ। ਵਰਨਣ ਯੋਗ ਹੈ ਕਿ ਧਾਰਾ 370 ਹਟਣ ਤੋਂ ਬਾਅਦ ਕਸ਼ਮੀਰ ਵਾਦੀ ਦੇ ਜ਼ਿਆਦਾਤਰ ਇਲਾਕਿਆਂ 'ਚ ਸਥਿਤੀ ਪੂਰੀ ਤਰ੍ਹਾਂ ਸ਼ਾਂਤ ਹੈ, ਪਰ ਸੌਰਾ ਤੇ ਉਸ ਨਾਲ ਲੱਗੇ ਇਲਾਕਿਆਂ 'ਚ ਕਈ ਵਾਰੀ ਹਿੰਸਕ ਪ੍ਰਦਰਸ਼ਨ ਹੋਏ ਹਨ। ਡਾਊਨ ਟਾਊਨ ਦੇ ਵੱਖ-ਵੱਖ ਹਿੱਸਿਆਂ 'ਚ ਵੀ ਪੱਥਰਬਾਜ਼ੀ ਦੀਆਂ ਘਟਨਾਵਾਂ ਹੋਈਆਂ ਹਨ। ਇਨ੍ਹਾਂ 'ਚ ਸ਼ਾਮਲ ਅਨਸਰਾਂ ਦੀ ਨਿਸ਼ਾਨਦੇਹੀ ਸ਼ੁਰੂ ਹੋਈ ਤਾਂ ਹਯਾਤ ਅਹਿਮਦ ਦਾ ਨਾਂ ਸਾਹਮਣੇ ਆਇਆ। ਪਤਾ ਲੱਗਾ ਹੈ ਕਿ ਉਹ ਆਪਣੇ ਸਾਥੀਆਂ ਨਾਲ ਵੱਖ-ਵੱਖ ਇਲਾਕਿਆਂ 'ਚ ਹਿੰਸਕ ਪ੍ਰਦਰਸ਼ਨ ਕਰ ਰਿਹਾ ਹੈ।

## ਜੀਕੇ ਪਾਸਪੋਰਟ ਮਾਮਲਾ, ਅਦਾਲਤ ਵੱਲੋਂ ਪੜਤਾਲ ਅਫਸਰ ਤੋਂ ਜਵਾਬ ਤਲਬ

ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਪਟਿਆਲਾ ਹਾਊਸ ਕੋਰਟ ਨੇ ਕਰਾਈਮ ਬ੍ਰਾਂਚ ਨੂੰ ਨੋਟਿਸ ਜਾਰੀ ਕਰ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦਾ ਪਾਸਪੋਰਟ ਜ਼ਬਤ ਕਰਨ ਦੇ ਕੇਸ ਵਿੱਚ ਆਪਣਾ ਜਵਾਬ ਦਾਖਲ ਕਰਨ ਦੀ ਹਦਾਇਤ ਦਿੱਤੀ ਹੈ। ਅਦਾਲਤ ਨੇ ਇਹ ਹਦਾਇਤ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਮੈਂਬਰ ਅਤੇ ਪਟੀਸ਼ਨਰ ਗੁਰਮੀਤ ਸਿੰਘ ਸ਼ੰਟੀ ਵੱਲੋਂ ਦਾਖਲ ਕੀਤੀ ਅਰਜ਼ੀ ਵਿੱਚ ਜੀ ਕੇ ਵਿਰੁੱਧ ਚੱਲਦੇ ਕੇਸ ਦਾ ਹਵਾਲਾ ਦੇ ਕੇ ਉਨ੍ਹਾਂ ਦਾ ਪਾਸਪੋਟ ਜ਼ਬਤ ਕਰਨ ਦੀ ਮੰਗ ਉੱਤੇ ਕੀਤੀ ਅਤੇ ਕਰਾਈਮ ਬ੍ਰਾਂਚ ਨੂੰ ਜ਼ਿਮੇਵਾਰੀ ਦਿੱਤੀ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative
(416) 970-5005

Residential | Commercial | Investment

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348



Dr. Randhawa Dentistry
Your own dentist who really cares for you



We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044



ਐਫ ਏ ਟੀ ਐਫ ਦਾ ਫੈਸਲਾ

# ਪਾਕਿਸਤਾਨ ਫਰਵਰੀ 2020 ਤੱਕ ਗਰੇਅ ਲਿਸਟ ਵਿੱਚ ਹੀ ਰਹੇਗਾ




ਇਸਲਾਮਾਬਾਦ, 17 ਅਕਤੂਬਰ (ਪੋਸਟ ਬਿਊਰੋ)- ਬਹੁਪੱਖੀ ਵਿੱਤੀ ਕਾਰਵਾਈ ਟਾਸਕ ਫੋਰਸ (ਐਫ ਏ ਟੀ ਐਫ) ਨੇ ਪਾਕਿਸਤਾਨ ਨੂੰ ਮਨੀ ਲਾਂਡਰਿੰਗ ਅਤੇ ਅੱਤਵਾਦੀਆਂ ਦੀ ਵਿੱਤੀ ਮਦਦ ਕਰਨ ਦੇ ਦੋਸ਼ ਹੇਠ ਫਰਵਰੀ 2020 ਤੱਕ ਸ਼ੱਕੀ ਦੇਸ਼ਾਂ ਦੀ ਸੂਚੀ ਵਿੱਚ ਰੱਖਣ ਦਾ ਫੈਸਲਾ ਕੀਤਾ ਅਤੇ ਇਸ ਦੌਰਾਨ ਠੋਸ ਪ੍ਰਗਤੀ ਲਈ ਕਿਹਾ ਗਿਆ ਹੈ।

ਸਮਝਿਆ ਜਾਂਦਾ ਹੈ ਕਿ ਪੈਰਿਸ ਵਿੱਚ ਐਫ ਏ ਟੀ ਐਫ ਦੀ ਬੈਠਕ ਵਿੱਚ ਚੀਨ, ਤੁਰਕੀ ਅਤੇ ਮਲੇਸ਼ੀਆ ਦੀ ਹਮਾਇਤ ਕਾਰਨ ਪਾਕਿਸਤਾਨ ਕਾਲੀ ਸੂਚੀ ਵਿੱਚ ਰੱਖੇ ਜਾਣ ਤੋਂ ਹਾਲੇ ਬਚ ਗਿਆ ਹੈ, ਫਿਰ ਵੀ ਉਸ ਨੂੰ ਨਿਰਦੇਸ਼ ਦਿੱਤਾ ਗਿਆ ਕਿ ਉਹ ਉਕਤ ਸਮੇਂ ਦੌਰਾਨ ਮਨੀ ਲਾਂਡਰਿੰਗ ਅਤੇ ਅੱਤਵਾਦੀਆਂ ਨੂੰ ਬੈਂਕਿੰਗ ਸੇਵਾਵਾਂ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਲਾਉਣ ਬਾਰੇ ਠੋਸ ਕਦਮ ਚੁੱਕੇ।

ਐਫ ਏ ਟੀ ਐਫ ਦਾ ਗਠਨ 30 ਸਾਲ ਪਹਿਲਾਂ ਹੋਇਆ ਸੀ ਤਾਂ ਜੋ ਕੌਮਾਂਤਰੀ ਬੈਂਕਿੰਗ ਅਤੇ ਵਿੱਤੀ ਪ੍ਰਣਾਲੀ ਦੀ ਭਰੋਸੇ ਯੋਗਤਾ ਨੂੰ ਬਚਾਇਆ ਜਾ ਸਕੇ। ਪਾਕਿਸਤਾਨੀ ਅਖਬਾਰ ਡਾਨ ਮੁਤਾਬਕ ਮੰਗਲਵਾਰ ਰਾਤ ਪੈਰਿਸ ਵਿਖੇ ਹੋਏ ਤਾਜ਼ਾ ਬੈਠਕ ਵਿੱਚ ਇਸ ਬਾਰੇ ਪਾਕਿ-ਸਤਾਨ ਵੱਲੋਂ ਕੀਤੇ ਉਪਾਵਾਂ ਦੀ ਘੋਖ ਕੀਤੀ ਗਈ। ਇਸ ਪਿੱਛੋਂ ਸੰਗਠਨ ਨੇ ਪਾਕਿਸਤਾਨ ਨੂੰ ਅੱਤਵਾਦੀਆਂ ਦੀ ਵਿੱਤੀ ਮਦਦ ਅਤੇ ਮਨੀ ਲਾਂਡਰਿੰਗ ਨੂੰ ਰੋਕਣ ਲਈ ਅਜੇ ਹੋਰ ਉਪਾਅ ਕਰਨ ਦਾ ਨਿਰਦੇਸ਼ ਦਿੱਤਾ ਹੈ ਤਾਂ ਜੋ ਇਨ੍ਹਾਂ 'ਤੇ ਪੂਰੀ ਰੋਕ ਲਾਈ ਜਾ ਸਕੇ। ਐਫ ਏ ਟੀ ਐਫ ਵੱਲੋਂ ਪਾਕਿਸਤਾਨ ਬਾਰੇ ਆਖਰੀ ਫੈਸਲਾ ਅਗਲੇ ਫਰਵਰੀ ਵਿੱਚ ਲਿਆ ਜਾਏਗਾ। ਇਸ ਦੌਰਾਨ ਪਾਕਿ-ਸਤਾਨ ਦੇ ਵਿੱਤ ਮੰਤਰਾਲਾ ਦੇ ਬੁਲਾਰੇ ਉਮਰ ਹਮੀਦ ਖਾਨ ਨੇ ਇਨ੍ਹਾਂ ਖਬਰਾਂ ਨੂੰ ਰੱਦ ਕੀਤਾ ਕਿ ਐਫ ਏ ਟੀ ਐਫ ਨੇ ਉਨ੍ਹਾਂ ਦੇ ਦੇਸ਼ ਨੂੰ ਸ਼ੱਕੀਆਂ ਦੀ ਸੂਚੀ ਵਿੱਚ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇਹ ਖਬਰ ਠੀਕ ਨਹੀਂ। 18 ਅਕਤੂਬਰ ਤੋਂ ਪਹਿਲਾਂ ਇਸ ਬਾਰੇ ਠੋਸ ਢੰਗ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਪਾਕਿਸਤਾਨ ਜੇ ਸ਼ੱਕੀਆਂ ਦੀ ਸੂਚੀ ਵਿੱਚ ਰਹਿ ਗਿਆ ਤਾਂ ਉਸ ਨੂੰ ਕੌਮਾਂਤਰੀ ਕਰੰਸੀ ਫੰਡ, ਵਿਸ਼ਵ ਬੈਂਕ ਅਤੇ ਯੂਰਪੀਅਨ ਯੂਨੀਅਨ ਤੋਂ ਵਿੱਤੀ ਮਦਦ ਮਿਲਣੀ ਔਖੀ ਹੋ ਜਾਏਗੀ।

# ਫਾਰਮ ਹਾਊਸ ਵਿੱਚ ਲੁਕ ਕੇ ਰਹਿ ਰਿਹਾ ਸੀ ਡੱਚ ਪਰਵਾਰ

ਐਮਸਟਰਡਮ, 17 ਅਕਤੂਬਰ (ਪੋਸਟ ਬਿਊਰੋ)-ਨੀਦਰਲੈਂਡ ਵਿੱਚ ਛੇ ਮੈਂਬਰੀ ਇੱਕ ਪਰਵਾਰ ਪਿਛਲੇ ਨੌਂ ਸਾਲ ਤੋਂ ਇੱਕ ਫਾਰਮ ਹਾਊਸ ਦੇ ਤਹਿਖਾਨੇ ਵਿੱਚ ਲੁਕ ਕੇ ਰਹਿ ਰਿਹਾ ਸੀ। ਪੁਲਸ ਇਸ ਕੇਸ ਵਿੱਚ ਉਸ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕਰ ਰਹੀ ਹੈ, ਜਿਹੜਾ ਇਸ ਫਾਰਮ ਦਾ ਕਿਰਾਇਆ ਦੇ ਰਿਹਾ ਸੀ।

ਸਥਾਨਕ ਮੀਡੀਆ ਮੁਤਾਬਕ ਇਹ ਪਰਵਾਰ ਉੱਤਰੀ ਡਰੈਂਥ ਸੂਬੇ ਦੇ ਰੁਈਨਵੋਲਡ ਪਿੰਡ ਕੋਲ ਸਥਿਤ ਇੱਕ ਫਾਰਮ ਹਾਊਸ ਦੇ ਤਹਿਖਾਨੇ ਵਿੱਚ ਰਹਿ ਰਿਹਾ ਸੀ। ਛੇ ਮੈਂਬਰੀ ਇਸ ਪਰਵਾਰ ਵਿੱਚ 18 ਤੋਂ 25 ਸਾਲ ਦੇ ਪੰਜ ਭੈਣ-ਭਰਾ ਅਤੇ ਇੱਕ 58 ਸਾਲਾ ਬਿਮਾਰੀ ਵਿਅਕਤੀ ਸ਼ਾਮਲ ਹੈ। ਇਸ ਵਿਅਕਤੀ ਨੂੰ ਇਨ੍ਹਾਂ ਬੱਚਿਆਂ ਦਾ ਪਿਤਾ ਦੱਸਿਆ ਗਿਆ ਹੈ। ਇਸ ਪਰਵਾਰ ਦਾ ਪਤਾ ਉਦੋਂ ਲੱਗਾ, ਜਦੋਂ ਭੈਣਾਂ-ਭਰਾਵਾਂ ਵਿੱਚੋਂ ਸਭ ਤੋਂ ਵੱਡਾ 25 ਸਾਲਾ ਨੌਜਵਾਨ ਇੱਕ ਦਿਨ ਨੱਠ ਕੇ ਲਾਗਲੇ ਹਾਈਵੇ ਉੱਤੇ ਪਹੁੰਚਿਆ ਅਤੇ ਲੋਕਾਂ ਤੋਂ ਮਦਦ ਮੰਗੀ। ਉਸਨੇ ਦੱਸਿਆ ਕਿ ਉਹ ਨੌਂ ਸਾਲ ਤੋਂ ਬਾਹਰ ਨਹੀਂ ਨਿਕਲਿਆ ਸੀ। ਪੁਲਸ ਅਨੁਸਾਰ ਇਹ ਪਰਵਾਰ ਇੱਕ ਛੋਟੀ ਜਿਹੀ ਥਾਂ ਰਹਿੰਦਾ ਸੀ। ਉਸ ਜਗ੍ਹਾ ਨੂੰ ਹਮੇਸ਼ਾ ਬੰਦ ਰੱਖਿਆ ਜਾਂਦਾ ਸੀ।

ਡਰੈਂਥ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਮੇਅਰ ਰੋਜਰ ਡੀ ਗਰੂਟ ਦਾ ਕਹਿਣਾ ਹੈ ਕਿ 58 ਸਾਲਾ ਵਿਅਕਤੀ ਇਨ੍ਹਾਂ ਦਾ ਪਿਤਾ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ 2010 ਵਿੱਚ ਇਸ ਫਾਰਮ ਹਾਊਸ ਵਿੱਚ ਆਉਣ ਤੋਂ ਪਹਿਲਾਂ ਇਨ੍ਹਾਂ ਬੱਚਿਆਂ ਦੀ ਮਾਂ ਦੀ ਮੌਤ ਹੋ ਗਈ ਸੀ। ਡੱਚ ਅਖਬਰ ਅਲਗੇਮੀਨ ਡਗਬਲ ਮੁਤਾਬਕ ਹਿਰਾ-ਸਤ ਵਿੱਚ ਲਏ ਵਿਅਕਤੀ ਦੀ ਪਛਾਣ ਆਸਟਰੀਆਈ ਤਰਖਾਣ ਜੋਸੇਫ ਬੀ ਵਜੋਂ ਹੋਈ ਹੈ। ਇਹ ਸਾਫ ਨਹੀਂ ਹੋ ਸਕਿਆ ਹੈ ਕਿ ਉਸ ਦੀ ਕੀ ਭੂਮਿਕਾ ਸੀ ਤੇ ਉਹ ਵੀ ਫਾਰਮ ਹਾਊਸ ਵਿੱਚ ਰਹਿੰਦਾ ਸੀ ਜਾਂ ਨਹੀਂ। ਇਹ ਪਰਵਾਰ ਬਾਹਰੀ ਦੁਨੀਆਂ ਤੋਂ ਅੱਲਗ-ਅੱਲਗ ਫਾਰਮ ਹਾਊਸ ਵਿੱਚ ਸਬਜ਼ੀਆਂ ਅਤੇ ਪਸ਼ੂਆਂ ਦੇ ਸਹਾਰੇ ਹੀ ਰਹਿੰਦਾ ਸੀ।

# ਚੀਨ ਨੇ 75 ਸਾਲ ਲਈ ਪੂਰਾ ਟਾਪੂ ਲੀਜ਼ ਉੱਤੇ ਲੈ ਕੇ ਅਮਰੀਕਾ ਨੂੰ ਕੰਬਣੀ ਛੇੜੀ

ਬੀਜਿੰਗ, 17 ਅਕਤੂਬਰ (ਪੋਸਟ ਬਿਊਰੋ)- ਚੀਨ ਨੇ 75 ਸਾਲ ਲਈ ਸੋਲੋਮਨ ਦੇ ਇਕ ਵੱਡੇ ਟਾਪੂ ਨੂੰ ਲੀਜ਼ ਉੱਤੇ ਲਿਆ ਹੈ। ਕੁਝ ਦਿਨ ਪਹਿਲਾਂ ਸੋਲੋਮਨ ਨੇ ਚੀਨ ਨਾਲ ਆਪਣੇ ਕੂਟਨੀਤਕ ਰਿਸ਼ਤੇ ਸ਼ੁਰੂ ਕੀਤੇ ਹਨ। ਇਸ ਤੋਂ ਕੁਝ ਹਫਤੇ ਪਹਿਲਾਂ ਤੱਕ ਸੋਲੋਮਨ ਪ੍ਰਸ਼ਾਂਤ ਖੇਤਰ ਵਿਚ ਤਾਈਵਾਨ ਦੇ ਪ੍ਰਮੁੱਖ ਸਹਿਯੋਗੀਆਂ ਵਿਚੋਂ ਇਕ ਸੀ। ਚੀਨ ਦੇ ਇਸ ਬਹੁਤ ਅਭਿਲਾਸ਼ੀ ਤੇ ਰਣਨੀਤਕ ਕਦਮ ਬਾਰੇ ਕੋਈ ਅਧਿਕਾਰਕ ਬਿਆਨ ਨਹੀਂ ਆਇਆ।

'ਤੁਲਾਗੀ' ਨਾਮ ਦਾ ਇਹ ਟਾਪੂ ਬ੍ਰਿਟੇਨ ਅਤੇ ਜਾਪਾਨ ਦੇ ਦੱਖਣੀ ਪ੍ਰਸ਼ਾਂਤ ਦਾ ਹੈੱਡਕੁਆਰਟਰ ਰਹਿ ਚੁੱਕਾ ਹੈ। ਦੂਜੇ ਵਿਸ਼ਵ ਯੁੱਧ ਵੇਲੇ ਇਸ ਦੇ ਡੂੰਘੇ ਪਾਣੀ ਨੇ ਇਸ ਨੂੰ ਮਜ਼ਬੂਤ ਸੁਰੱਖਿਆ ਦਿੱਤੀ ਸੀ। ਅੱਗੋਂ ਇਹ ਬਹੁਤ ਅਹਿਮ ਰਣਨੀਤਕ ਖੇਤਰ ਚੀਨ ਦੇ ਕਬਜ਼ੇ ਵਿਚ ਹੋਵੇਗਾ। ਇਕ ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ 'ਪਿਛਲੇ ਮਹੀਨੇ ਚੀਨ ਤੇ ਸੋਲੋਮਨ ਟਾਪੂ ਦੀ ਸੂਬਾ ਸਰਕਾਰ ਦੇ ਗੁਪਤ ਸਮਝੌਤੇ ਤਹਿਤ ਚੀਨ ਦੀ ਕਮਿਊਨਿਸਟ ਪਾਰਟੀ ਨਾਲ ਜੁੜੀ ਇਕ ਕੰਪਨੀ ਨੇ ਪੂਰੇ ਤੁਲਾਗੀ ਟਾਪੂ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਦੇ ਵਿਕਾਸ ਕੰਮਾਂ ਲਈ ਅਧਿਕਾਰ ਖਰੀਦ ਲਏ ਹਨ।'

ਇਸ ਗੁਪਤ ਸਮਝੌਤੇ ਤੋਂ ਤੁਲਾਗੀ ਦੇ ਲੋਕ ਵੀ ਹੈਰਾਨ ਹਨ। ਉਨ੍ਹਾਂ ਨੇ ਅਮਰੀਕੀ ਅਧਿਕਾਰੀਆਂ ਨੂੰ ਚੌਕਸ ਕੀਤਾ ਹੈ। ਅਮਰੀਕੀ ਇਸ ਟਾਪੂ ਨੂੰ ਦੱਖਣੀ ਪ੍ਰਸ਼ਾਂਤ ਵਿਚ ਚੀਨ ਨੂੰ ਰੋਕਣ ਤੇ ਮਹੱਤਵ ਪੂਰਨ ਸਮੁੰਦਰੀ ਰਸਤਿਆਂ ਦੀ ਸੁਰੱਖਿਆ ਲਈ ਅਹਿਮ ਮੰਨਦੇ ਹਨ। ਨਿਊਜ਼ੀਲੈਂਡ ਦੀ ਕੈਂਟਰਬਰੀ ਯੂਨੀਵਰਸਿਟੀ ਦੇ ਚੀਨੀ ਖੋਜ ਕਰਤਾ ਐਨ ਮੋਰੀ ਬ੍ਰੈਡੀ ਨੇ ਕਿਹਾ ਹੈ ਕਿ 'ਇਸ ਦੀ ਭੂਗੋਲਿਕ ਸਥਿਤੀ ਤੋਂ ਪਤਾ ਚੱਲਦਾ ਹੈ ਕਿ ਇਹ ਕਿੰਨੀ ਵਧੀਆ ਥਾਂ ਹੈ।'

# ਭਾਰਤੀ ਮੂਲ ਦਾ ਇੰਜੀਨੀਅਰ ਕਾਰ ਵਿੱਚ ਲਾਸ਼ ਲੈ ਕੇ ਥਾਣੇ ਪੁੱਜਾ




ਸਾਨ ਫਰਾਂਸਿਸਕੋ, 17 ਅਕਤੂਬਰ (ਪੋਸਟ ਬਿਊਰੋ)-ਅਮਰੀਕਾ 'ਚ ਭਾਰਤੀ ਮੂਲ ਦਾ ਇੱਕ ਆਈ ਟੀ ਪੇਸ਼ੇਵਰ ਆਪਣੀ ਕਾਰ 'ਚ ਇੱਕ ਲਾਸ਼ ਲੈ ਕੇ ਉਤਰੀ ਕੈਲੀਫੋਰਨੀਆ ਪੁਲਸ ਥਾਣੇ ਪਹੁੰਚਿਆ ਅਤੇ ਉਥੇ ਉਸ ਨੇ ਆਪਣੇ ਅਪਾਰਟਮੈਂਟ 'ਚ ਤਿੰਨ ਹੋਰ ਲੋਕਾਂ ਦੀ ਹੱਤਿਆ ਦਾ ਜੁਰਮ ਸਵੀਕਾਰ ਕਰ ਲਿਆ। ਬਾਅਦ 'ਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮਾਰੇ ਗਏ ਲੋਕਾਂ ਦੀ ਹਾਲੇ ਤੱਕ ਪਛਾਣ ਨਹੀਂ ਹੋਈ।

ਰੋਜ਼ਵਿਲੇ ਪੁਲਸ ਵਿਭਾਗ ਦੇ ਕੈਪਟਨ ਜੋਸ਼ੂਆ ਸਿਮੋਨ ਨੇ ਕਿਹਾ ਕਿ ਇਸ ਗੰਭੀਰ ਘਟਨਾ 'ਚ ਮਾਰੇ ਗਏ ਸਾਰੇ ਚਾਰ ਲੋਕ ਇਸ ਮੁਲਜ਼ਮ ਸ਼ੰਕਰ ਨਾਗੱਪਾ ਹੰਗੁਡ ਦੇ ਪਰਵਾਰ ਦੇ ਮੈਂਬਰ ਹਨ। ਸਿਮੋਨ ਨੇ ਚਾਰੋ ਮ੍ਰਿਤਕਾਂ ਦੇ ਨਾਂ ਨਹੀਂ ਦੱਸੇ, ਪਰ ਇਹ ਜ਼ਰੂਰ ਕਿਹਾ ਕਿ ਮਾਰੇ ਗਏ ਚਾਰ ਲੋਕਾਂ 'ਚ ਦੋ ਬਾਲਿਗ ਅਤੇ ਦੋ ਨਾਬਾਲਿਗ ਹਨ। ਪੁਲਸ ਨੇ ਕਿਹਾ ਕਿ ਹੰਗੁਡ ਲਾਲ ਰੰਗ ਦੀ ਆਪਣੀ ਕਾਰ 'ਚ ਸ਼ਹਿਰ ਦੇ ਥਾਣੇ ਪਹੁੰਚਿਆ ਅਤੇ ਉਸਨੇ ਅਧਿਕਾਰੀਆਂ ਨੂੰ ਕਿਹਾ ਕਿ ਉਸਨੇ ਰੋਜ਼ਵਿਲੇ ਸ਼ਹਿਰ ਦੀ ਪਲੇਸਰ ਕਾਊਂਟੀ 'ਚ ਆਪਣੇ ਅਪਾਰਟਮੈਂਟ 'ਚ ਲੋਕਾਂ ਦੀ ਹੱਤਿਆ ਕੀਤੀ ਹੈ। ਸਿਮੋਨ ਨੇ ਕਿਹਾ ਕਿ ਹੰਗੁਡ ਨੂੰ ਹਿਰਾਸਤ 'ਚ ਲੈ ਲਿਆ ਗਿਆ ਤੇ ਉਹ ਹੱਤਿਆ ਦੇ ਚਾਰ ਮੁਲਜ਼ਮਾਂ ਦਾ ਸਾਹਮਣਾ ਕਰੇਗਾ। ਹੰਗੁਡ ਦੇ ਲਿੰਕਡਿਨ ਪ੍ਰੋਫਾਈਲ ਦੇ ਮੁਤਾਬਕ ਉਹ ਨੇ ਕਈ ਕੰਪਨੀਆਂ 'ਚ ਕੰਮ ਕੀਤਾ ਹੈ।

# ਭਾਰਤੀ ਵਿਦਿਆਰਥੀ ਨੂੰ ਟਰੱਕ ਹੇਠਾਂ ਕੁਚਲਣ ਵਾਲੇ ਨੂੰ ਛੇ ਸਾਲ ਦੀ ਕੈਦ



ਮੈਲਬੌਰਨ, 17 ਅਕਤੂਬਰ (ਪੋਸਟ ਬਿਊਰੋ)-ਅੰਤਰਰਾਸ਼ਟਰੀ ਭਾਰਤੀ ਵਿਦਿਆਰਥੀ ਨੂੰ ਟਰੱਕ ਹੇਠਾਂ ਦੇ ਕੇ ਮਾਰਨ ਵਾਲੇ ਟਰੱਕ ਡਰਾਈਵਰ ਨੂੰ ਛੇ ਸਾਲ ਦੀ ਜੇਲ੍ਹ ਹੋਈ ਹੈ। ਇਹ ਘਟਨਾ ਅਪ੍ਰੈਲ 2017 'ਚ ਓਦੋਂ ਵਾਪਰੀ ਜਦੋਂ ਵਿਸ਼ਾਲ ਮੰਹਤ ਆਪਣੀ ਕਾਰ ਦੇ ਕੋਲ ਖੜ੍ਹਾ ਸੀ ਅਤੇ ਉਸ ਦੇ ਉਲਟ ਪਾਸੇ ਤੋਂ ਆ ਰਹੇ ਸ਼ਰਾਬੀ ਟਰੱਕ ਡਰਾਈਵਰ ਨੇ ਉਸ ਦੀ ਕਾਰ 'ਤੇ ਟਰੱਕ ਚਾੜ੍ਹ ਦਿੱਤਾ ਅਤੇ ਉਸ ਦੀ ਮੌਤ ਹੋ ਗਈ। 34 ਸਾਲਾਂ ਦੇ ਦੋਸ਼ੀ ਡਰਾਈਵਰ ਨੂੰ, ਜੋ ਕਿ ਉਸ ਸਮੇਂ ਸ਼ਰਾਬੀ ਹਾਲਤ ' ਸੀ, ਪੁਲਸ ਨੇ ਹਿਰਾਸਤ ਵਿੱਚ ਲੈ ਲਿਆ ਸੀ।

ਅਦਾਲਤੀ ਕਾਰਵਾਈ 'ਚ ਦੱਸਿਆ ਗਿਆ ਕਿ ਜਦੋਂ ਟਰੱਕ ਦੀ ਤਲਾਸ਼ੀ ਲਈ ਤਾਂ ਕੁਝ ਬੀਅਰਾਂ ਦੇ ਕੇਨ ਖਾਲੀ ਅਤੇ ਭਰੇ ਮਿਲੇ ਸੀ। ਜੱਜ ਨੇ ਡਰਾਈਵਰ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਕਿਹਾ ਕਿ ਤੂੰ ਉਸ ਵਿਅਕਤੀ ਦੀ ਜਾਨ ਲਈ ਹੈ, ਜੋ ਦੂਸਰੇ ਦੇਸ਼ ਤੋਂ ਵਧੀਆ ਭਵਿੱਖ ਦਾ ਸੁਪਨਾ ਲੈ ਕੇ ਆਇਆ ਸੀ ਅਤੇ ਉਸ ਦੇ ਮਾਂ-ਬਾਪ ਨੂੰ ਉਸ 'ਤੇ ਕਈ ਉਮੀਦਾਂ ਸਨ। ਅਦਾਲਤ ਨੇ ਕਿਹਾ ਕਿ ਸ਼ਰਾਬ ਪੀ ਕੇ ਡਰਾਈਵਿੰਗ ਕਰਨਾ ਕਿਧਰ ਦੀ ਸਿਆਣਪ ਸੀ ਤੇ ਇਹ ਕਾਨੂੰਨ ਦੇ ਬਿਲਕੁਲ ਉਲਟ ਸੀ। ਇਸ ਅਦਾਲਤੀ ਕਾਰਵਾਈ ਨੂੰ ਮ੍ਰਿਤਕ ਦੇ ਵਾਰਸ਼ਾਂ ਵੱਲੋਂ ਵੀਡੀਓ ਕਾਨਫਰੰਸ ਰਾਹੀ ਦੇਖਿਆ ਗਿਆ। ਦੋਸ਼ੀ ਤਿੰਨ ਸਾਲ ਤੱਕ ਜੇਲ੍ਹ 'ਚ ਰਹੇਗਾ ਕਿਉਂਕਿ ਉਹ ਹਾਦਸੇ ਸਮੇਂ ਤੋਂ ਕੈਦ 'ਚ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਅਮਰੀਕੀ ਪਾਰਲੀਮੈਂਟ ਵਿੱਚ ਹਾਂਗਕਾਂਗ ਦੇ ਅਧਿਕਾਰਾਂ ਬਾਰੇ ਬਿੱਲ ਪਾਸ

ਵਾਸ਼ਿੰਗਟਨ, 17 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਨੇ ਕੱਲ੍ਹ ਹਾਂਗਕਾਂਗ ਡੈਮੋਕ੍ਰੇਸੀ ਐਕਟ ਬਾਰੇ ਬਿੱਲ ਪਾਸ ਕਰ ਕੇ ਚੀਨ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਨਾਲ ਪ੍ਰਤੀਨਿਧੀ ਸਭਾ ਨੇ ਹਾਂਗਕਾਂਗ ਦੇ ਲੋਕਤੰਤਰ ਦੀ ਮੰਗ ਕਰਨ ਵਾਲੇ ਅੰਦੋਲਨ ਨੂੰ ਆਪਣਾ ਸਮਰਥਨ ਦੇ ਦਿੱਤਾ ਹੈ। ਅੱਗੋਂ ਇਹ ਬਿੱਲ ਅਮਰੀਕੀ ਪਾਰਲੀਮੈਂਟ ਦੇ ਉਚ ਸਦਨ ਸੀਨੇਟ ਵਿੱਚ ਜਾਵੇਗਾ ਅਤੇ ਉਥੇ ਪਾਸ ਹੋਣ 'ਤੇ ਇਹ ਕਾਨੂੰਨ ਦਾ ਰੂਪ ਲੈ ਲਵੇਗਾ। ਕਾਨੂੰਨ ਬਣਨ 'ਤੇ ਹਾਂਗਕਾਂਗ ਵਿੱਚ ਮਨੁੱਖੀ ਅਧਿਕਾਰ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਸਾਲਾਨਾ ਸਮੀਖਿਆ ਕਰੇਗਾ ਅਤੇ ਉਸ ਦੇ ਆਧਾਰ 'ਤੇ ਇਸ ਤਰ੍ਹਾਂ ਦੇ ਖੇਤਰ ਦਾ ਵਿਸ਼ੇਸ਼ ਕਾਰੋਬਾਰ ਸਹਿਯੋਗੀ ਦਾ ਦਰਜਾ ਜਾਰੀ ਰੱਖੇਗਾ।

ਇਸ ਬਿੱਲ ਦੀ ਵਿਵਸਥਾ ਅਨੁਸਾਰ ਜੇ ਸਮੀਖਿਆ ਵਿੱਚ ਹਾਂਗਕਾਂਗ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਕਾਨੂੰਨ ਨੂੰ ਲਾਗੂ ਕਰਨ ਵਿੱਚ ਭੇਦ ਭਾਵ ਪਾਇਆ ਗਿਆ ਤਾਂ ਅਮਰੀਕਾ ਹਾਂਗਕਾਂਗ ਦਾ ਵਿਸ਼ੇਸ਼ ਕਾਰੋਬਾਰ ਸਹਿਯੋਗੀ ਦਾ ਦਰਜਾ ਖੋਹ ਸਕਦਾ ਹੈ, ਜਿਸ ਨਾਲ ਹਾਂਗਕਾਂਗ ਨੂੰ ਅਮਰੀਕਾ ਵੱਲੋਂ ਕਈ ਸਹੂਲਤਾਂ ਮਿਲੀਆਂ ਹੋਈਆਂ ਹਨ। ਸਮੀਖਿਆ ਤੇ ਪ੍ਰਮਾਣਿਤ ਕਰਨ ਦਾ ਕੰਮ ਅਮਰੀਕਾ ਦਾ ਵਿਦੇਸ਼ ਮੰਤਰਾਲਾ ਕਰੇਗਾ। ਇਸ ਬਿੱਲ ਦੇ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਵਿੱਚ ਪਾਸ ਹੋਣ 'ਤੇ ਚੀਨ ਨੇ ਰੋਸ ਪ੍ਰਗਟ ਕੀਤਾ ਹੈ। ਚੀਨ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਜੇਂਗ ਸ਼ੁਆਂਗ ਨੇ ਕਿਹਾ ਕਿ ਹਾਂਗਕਾਂਗ ਦੀ ਸਮੱਸਿਆ ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰ ਦੀ ਨਹੀਂ ਹੈ। ਉਥੇ ਸਮੱਸਿਆ ਰੋਜ਼ ਹੋ ਰਹੀ ਹਿੰਸਾ ਅਤੇ ਕਾਨੂੰਨ ਵਿਵਸਥਾ ਦੀ ਹੈ, ਜਿਸ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਸੁਆਂਗ ਨੇ ਕਿਹਾ ਕਿ ਅਮਰੀਕਾ ਹਾਂਗਕਾਂਗ ਦੇ ਮਾਮਲਿਆਂ ਵਿੱਚ ਦਖਲ ਦੇਣਾ ਬੰਦ ਕਰੇ। ਉਸ ਨੇ ਨਾਲ ਹੀ ਚਿਤਾਵਨੀ ਦਿੱਤੀ ਕਿ ਚੀਨ ਛੇਤੀ ਹੀ ਪਾਸ ਬਿੱਲ ਦੇ ਜਵਾਬ ਵਿੱਚ ਸਖਤ ਕਦਮ ਚੁੱਕੇਗਾ।

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystem.com
Call: 416-452-0677

MICHELIN Hankook Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

# ਕਲਯੁਗੀ ਜੀਵਾਂ ਦੇ ਲੱਛਣ ਅਤੇ ਕਰਤੂਤਾਂ

ਸਲੋਕ ਮ: ੨॥
੧. ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

ਅਰਥ:- ਅੰਧੇ= ਅਨਿਆਂ ਅਗਿਆਨੀਆਂ ਦਾ ਨਾਮੁ ਪਾਰਖੂ ਹੈ। ਇਸ ਤਰ੍ਹਾਂ ਗੁਆਉ=ਉਚਾਰਦੇ ਹਨ, ਭਾਵ ਅੰਧੇ ਨੂੰ ਪਾਰਖੂ ਕਹਿੰਦੇ ਹਨ। ਪਹਿਲੀ ਤੁਕ ਦੇ ਅਰਥ=ਕਲਜੁਗ ਵਿਚ ਫਕੀਰੈ=ਕੰਗਲਿਆਂ ਨੂੰ ਬਾਦਸ਼ਾਹ ਕਹਿੰਦੇ ਹਨ, ਮੂਰਖ ਦਾ ਨਾਮ ਪੰਡਿਤ ਹੈ। ਗਿਆਨ ਤੋਂ ਹੀਣੇ ਕਥਾ ਵਾਰਤਾ ਸੁਣਾਂਦੇ ਹਨ, ਪਰ ਗਿਆਨ ਉਨ੍ਹਾਂ ਪਾਸ ਹੈ ਨਹੀਂ। ਮੂਰਖ ਨੂੰ ਪੰਡਿਤਾਂ ਦਾ ਖਿਤਾਬ ਦਿੰਦੇ ਹਨ।

੨. ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥

(ਪੰਨਾ ੧੨੮੮)

ਗੁਰੂ ਅੰਗਦ ਦੇਵ ਜੀ ਕਥਨ ਕਰਦੇ ਹਨ=ਇਹ ਕਲਯੁਗ ਦਾ ਪੁਠਾ ਘਟੰਗਾ=ਇਨਸਾਫ ਗੁਰਾਂਦੁਆਰੇ ਜਾਣਿਆ ਜਾਂਦਾ ਹੈ॥੨੫॥

ਤਥਾ:- ਸਲੋਕ ਮ: ੧॥
੧. ਚੋਰਾ ਜਾਰਾ ਰੰਡੀਆਂ ਕੁਟਣੀਆਂ ਦੀਬਾਣੁ॥

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥

ਅਰਥ:- ਚੋਰੀ ਕਰਨ ਵਾਲੇ ਅਤੇ ਪਰ ਇਸਤ੍ਰੀ ਨਾਲ ਵਿਭਚਾਰ ਕਰਨ ਵਾਲੇ ਯਾਰ, ਰੰਡੀਆਂ ਇਸਤਰੀਆਂ ਅਤੇ ਫੱਫੇ ਕੁੱਟਣੀਆਂ ਕਲਯੁਗ ਵਿਚ ਇਨ੍ਹਾਂ ਦੀ ਦੀਬਾਣੁ=ਸਭਾ ਲੱਗੇਗੀ ਭਾਵ ਇਹ ਕਲਯੁਗ ਵਿਚ ਪ੍ਰਧਾਨ ਹੋਣਗੇ। ਇਹ ਪ੍ਰਧਾਨ ਲੋਕਾਂ ਨੂੰ ਪ੍ਰਮੇਸ਼ਰ ਵਲੋਂ ਤੋੜਨਗੇ।

੨. ਸਿਫ਼ਤੀ ਸਾਰ ਨਾ ਜਾਣਨੀ ਸਦਾ ਵਸੈ ਸੈਤਾਨੁ॥

(ਪੰਨਾ ੭੯੦)

ਅਰਥ:- ਵੇਦੀਨਾ=ਧਰਮ ਤੋਂ ਹੀਣਿਆਂ ਦੀ ਸਭਾ ਵਿਚ ਖਾਣਾ ਪੀਣਾ ਵੀ ਅਧਰਮੀ ਹੀ ਹੋਵੇਗਾ। ਸਿਫਤੀ ਸਾਰ=ਪਰਮਾਤਮਾ ਦੀ ਸਿਫ਼ਤ ਸਾਰ ਨਹੀਂ ਜਾਨਣਗੇ, ਸਦਾ ਹੀ ਸੈਤਾਨੁ=ਕਾਮ ਆਦਿਕ ਵਿਸ਼ੇ ਵਿਕਾਰਾਂ ਦੀ ਸੰਗਤ ਕਰਨਗੇ।


ਕਰਨੈਲ ਸਿੰਘ ਟੋਰਾਂਟੋ
416-746-7642

੩. ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥

ਅਰਥ:- ਜਿਵੇਂ ਗਦਹੁ= ਗਧੇ ਨੂੰ ਚੰਦਨ ਦੀ ਲੇਪਨ ਕਰ ਦੇਈਏ, ਤਾਂ ਗਧੇ ਨੂੰ ਉਸ ਦੀ ਸੁਗੰਧੀ ਨਾਲ ਕੋਈ ਪਿਆਰ ਨਹੀਂ, ਗਧਾ ਸੁਆਹ ਵਿਚ ਜਾ ਕੇ ਲਿਟ ਜਾਏਗਾ। ਕਿਉਂਕਿ ਉਸ ਦੀ ਪ੍ਰੀਤੀ ਸੁਆਹ ਨਾਲ ਹੈ। ਇਸੇ ਤਰ੍ਹਾਂ ਉਪਰ ਲਿਖੇ ਕਲਯੁਗੀ ਜੀਵ ਧਾਰਮਕ ਬੁਰਕੇ ਪਹਿਨਕੇ ਵੀ ਕਾਲੀਆਂ ਕਰਤੂਤਾਂ ਕਰਨਗੇ ਅਤੇ ਕਰਦੇ ਹਨ। ਧਰਮ ਦੇ ਬੁਰਕੇ ਦੁਆਰਾ ਸਿਆਸਤ ਦੀ ਕੁਰਸੀ ਦੀ ਅਤੇ ਧਨ ਦੌਲਤ ਕਮਾਣ ਦੀ ਜ਼ਿਆਦਾ ਪ੍ਰੀਤੀ ਹੋਵੇਗੀ। ਧਰਮ ਦੀ ਆੜ, ਧਰਮ ਦਾ ਬੁਰਕਾ ਲੋਕਾਂ ਨੂੰ ਪਿੱਛੇ ਲਾਉਣ ਲਈ ਅਤੇ ਦੁਨੀਆਂ ਦੇ ਅੱਖੀਂ ਘੱਟਾ ਪਾਉਣ ਲਈ ਹੀ ਹੋਵੇਗਾ। ਅਸਲੀ ਧਰਮੀ ਨਹੀਂ ਹੋਣਗੇ ਪ੍ਰਮਾਤਮਾ ਦੇ ਚੇਲੇ ਨਹੀਂ ਹੋਣਗੇ। ਸਿਰਫ਼ ਮਾਇਆ ਦੇ ਭਗਤ ਹੀ ਹੋਣਗੇ।

ਜੁਗ ਦੇ ਬਦਲਣ ਦਾ ਪ੍ਰਭਾਵ
(ਵਾ. ੧ ਪਉੜੀ ੧੭॥)

੧. ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।

੨. ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸ਼ਟਿ ਸੰਸਾਰਾ।

੩. ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।

੪. ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਆਗਿਆਨਿ ਗੁਬਾਰਾ।

੫. ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।

੬. ਸਤਿਗੁਰ ਬਾਝ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।

੭. ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।

੮. ਚੜੇ ਸੂਰ ਮਿਟਿ ਜਾਇ ਅੰਧਾਰਾ॥੧੭॥

ਅਰਥ:- ੧. ਜਦੋ ਜੁਗ ਬਦਲਦਾ ਹੈ ਤਾਂ ਉਲਟੇ ਕੰਮ ਹੋਣ ਲੱਗ ਜਾਂਦੇ ਹਨ।

੨. ਜਗਤ ਵਿਚ ਗਿਲਾਨੀ ਧੂਆਂ ਧਾਰ ਤੇ ਸੜਾਂਦ ਉਠ ਖਲੋਂਦਾ ਹੈ।

੩. ਚਾਰੇ ਵਰਨ ਆਪ ਵਿਚ ਬਾਂਸਾਂ ਵਾਂਗ ਖਹਿ ਖਹਿ ਮਰਦੇ ਹਨ।

੪. ਬੇਦ ਗ੍ਰੰਥ ਗੁਰੂ ਦੀ ਹੱਟੀ ਹੈ ਗਿਆਨ ਮਿਲਦਾ ਹੈ। ਪਰ ਪ੍ਰਭੂ ਦੇ ਗਿਆਨ ਦੀ ਨਿੰਦਿਆ ਕਰਦੇ ਹਨ। ਸੱਚੇ ਪ੍ਰਭੂ ਦੇ ਗਿਆਨ ਦੀ ਨਿੰਦਾ ਹੁੰਦੀ ਹੈ ਘੁੱਪ ਹਨੇਰੇ ਵਿਚ ਹਨ।੬। ਸੱਚੇ ਗੁਰੂ ਤੋਂ ਬਿਨਾਂ ਸਮਝ ਨਹੀਂ ਪੈਂਦੀ ਜਿੰਨੀ ਦੇਰ ਪ੍ਰਭੂ ਆਪ ਅਵਤਾਰ ਨਹੀਂ ਧਾਰਦੇ, ਜਿੰਨੀ ਦੇਰ ਆਪ ਨਹੀਂ ਸਮਝਾਂਦੇ ਕਿ ਆਹ ਠੀਕ ਹੈ ਜਾਂ ਗਲਤ ਹੈ।

(ਕਲਜੁਗੀ ਜੀਵਾਂ ਦੇ ਲੱਛਣ)
੧. ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
੨. ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
੩. ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।
੪. ਚੇਲੇ ਸਾਜ ਵਜਾਂਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।

੫. ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।

੬. ਕਾਜ਼ੀ ਹੋਏ ਰਿਸ਼ਵਤੀ ਵਢੀ ਲੈ ਕ ਹੱਕੁ ਗਵਾਈ।

੭. ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਧਾਊ ਜਾਈ।

੮. ਵਰਤਿਆ ਪਾਪ ਸਭਸਿ ਜਗਿ ਮਾਂਹੀ॥੩੦॥ ਵਾਰ ੧ ਪਉੜੀ ੩੦

ਅਰਥ:- ੧. ਕਲਯੁਗ ਦੀ ਲੁਕਾਈ ਕੁੱਤੇ ਮੁਹੀ ਹੋ ਗਈ ਹੈ। ਕੁੱਤਾ ਵੀ ਮਰਦਾਰ ਖਾਂਦਾ ਹੈ ਅਤੇ ਲੋਗ ਵੀ ਮਰਦਾਰ=ਮਾਸ ਅਤੇ ਜੂਠੀ ਠੱਗੀ ਠੋਰੀ ਦੀ ਕਮਾਈ ਖਾਂਦੇ ਹਨ ਜਾਂ ਖਾਣਗੇ। ੨. ਰਾਜੇ ਲੋਕ ਅਨਿਆ ਕਰ ਰਹੇ ਹਨ, ਰਾਜੇ ਦਾ ਫਰਜ਼ ਹੈ ਪਰਜਾ ਦੀ ਰਾਖੀ ਕਰਨੀ ਰਾਮ ਰਾਜ ਵਰਤਾਉਣਾ, ਉਲਟਾ ਪਰਜਾ ਨੂੰ ਦੁਖ ਦਿੰਦੇ ਹਨ, ਆਪਣੀਆਂ ਅਟਾਰੀਆਂ ਬਣਾਂਦੇ ਹਨ। ੩. ਪਰਜਾ ਵੀ ਗਿਆਨ ਤੋਂ ਹੀਣੀ ਅੰਨ੍ਹੀ ਹੈ, ਮੂੰਹੋਂ ਜੋ ਆਵੇ ਬੋਲੀ ਜਾਂਦੀ ਹੈ। ਝੂਠਿ ਤੂਫਾਨ ਝੂਠ ਬੋਲਣਾ ਪਾਪ ਹੈ। ਗੁਰਬਾਣੀ ਕਹਿੰਦੀ ਹੈ। ੪. ਚੇਲੇ ਸਾਜ ਵਜਾ ਰਹੇ ਹਨ ਤੇ ਗੁਰੂ ਬਹੁਤ ਤਰ੍ਹਾਂ ਨਾਲ ਨਾਚ ਨਚ ਰਹੇ ਹਨ। ਮਾਇਆ ਦੀ ਪ੍ਰਾਪਤੀ ਲਈ। ਅਥਵਾ=ਜੇ ਕਰ ਗੁਰੂ ਕਦੇ ਪਾਪ ਦੋਸ਼ ਵਿਚ ਜੇਲ੍ਹ ਚਲਿਆ ਜਾਵੇ ਤਾਂ ਚੇਲੇ ਹੜਤਾਲ ’ਤੇ ਚਲੇ ਜਾਂਦੇ ਹਨ। ਕਹਿੰਦੇ ਹਨ ਸਾਡੇ ਗੁਰੂ ਨੂੰ ਬਦਲਾ ਲਊ ਭਾਵਨਾ ਨਾਲ ਜੇਲ੍ਹ ਭੇਜਿਆ। ਜਦੋਂ ਜਮਾਨਤ ’ਤੇ ਰਿਹਾਅ ਹੋ ਕੇ ਬਾਹਰ ਆਉਂਦਾ ਹੈ ਤਾਂ ਚੇਲੇ ਬਹੁਤ ਵੱਡਾ ਇਕੱਠ ਕਰਕੇ ਅੱਗੇ ਹੋ ਕੇ ਫੁੱਲਾਂ ਦੇ ਹਾਰ ਪਾਉਂਦੇ ਹਨ। ਚਾਹੀਦਾ ਤਾਂ ਇਹ ਸੀ ਕਿ ਪਾਪੀ, ਦੋਸ਼ੀ, ਗੁਰੂ ਤੋਂ ਕਿਨਾਰਾ ਕਰਨਾ ਸਗੋਂ ਉਲਟ ਖੁਸ਼ੀਆਂ ਮਨਾਂਦੇ ਢੋਲ ਢਮੱਕੇ ਕਰਦੇ ਹਨ। ਇਹ ਕਲਯੁਗ ਦਾ ਇਨਸਾਫ ਹੈ। ਇਸ ਤੋਂ ਅੱਗੇ ਨਰਕ ਹੈ।

੫. ਸੇਵਕ ਤਾਂ ਘਰਾਂ ਵਿਚ ਬੈਠੇ ਹਨ ਗੁਰੂ ਆਪ ਚਲਕੇ ਚੇਲਿਆਂ ਦੇ ਘਰੀਂ ਜਾਂਦੇ ਹਨ। ੬. ਕਾਜ਼ੀ=ਤੋਂ ਭਾਵ ਨਿਆਂਕਾਰ ਪੁਰਸ਼ ਵੱਢੀਆਂ ਲੈ ਕੇ ਹੱਕ ਸੱਚ ਨੂੰ ਖਤਮ ਕਰ ਰਹੇ ਹਨ। ਝੂਠੇ ਜਾਂ ਪਾਪੀ ਦੋਸ਼ੀ ਨੂੰ ਵਰੀ ਕਰ ਦਿੰਦੇ ਹਨ, ਇਹ ਹਨ ਕਲਯੁਗ ਦੇ ਨਿਆਂਕਾਰ। ਕਾਜ਼ੀ=ਧਰਮ ਦੇ ਬੁਰਕੇ ਵਿਚ ਧਰਮ ਦੀਆਂ ਜੜਾਂ ਕੱਟੀ ਜਾਂਦੇ ਹਨ। ਧਰਮ ਨੂੰ ਦੂਜਿਆਂ ਤੋਂ ਖਤਰਾ ਤਾਂ ਹੈ ਹੀ ਪਰ ਧਾਰਮਕ ਆਗੂਆਂ ਤੋਂ ਉਸ ਤੋਂ ਵੀ ਜ਼ਿਆਦਾ ਹੈ। ਜਦੋਂ ਵਾੜ ਖੇਤ ਨੂੰ ਖਾਣ ਲੱਗ ਜਾਵੇ ਤਾਂ ਕੌਣ ਬਚਾ ਸਕਦਾ ਹੈ। ਧਰਤੀ ਕਿੰਨਾ ਕੁ ਚਿਰ ਖੜ੍ਹੀ ਰਹੇਗੀ। ਇਤਨੇ ਕੁਕਰਮਾਂ ਵਿਚ, ੭. ਸਮਾਜ ਨਿਗਰ ਚੁੱਕਾ ਹੈ। ਇਸਤ੍ਰੀ ਅਤੇ ਪੁਰਸ਼ ਦਾ ਸਬੰਧ ਕੇਵਲ ਪੈਸੇ ਕਮਾਉਣ ਤੱਕ ਹੋਵੇਗਾ। ਭਾਵੇਂ ਇਸਤ੍ਰੀ ਕਿਤੇ ਜਾਵੇ ਪੁਰਸ਼ ਕਿਤੇ ਆਵੇ ਜਾਵੇ ਕਮਾਈ ਦੀ ਲੋੜ ਹੈ। ਭਾਈ ਸਾਹਿਬ ਜੀ ਲਿਖਦੇ ਹਨ ਕਿ ਇਸ ਤਰ੍ਹਾਂ ਦਾ ਭਿਆਨਕ ਪਾਪ ਸਾਰੇ ਜਗਤ ਵਿਚ ਵਰਤ ਰਿਹਾ ਹੈ। ਗੁਰੂ ਜੀ ਦੇ ਬਚਨਾਂ ਤੇ ਪਹਿਰਾ ਦੇਣ ਵਾਲਾ ਕੋਈ ਬਚੇਗਾ?

ਤਥਾ= ਮ. ੧॥

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

(ਪੰਨਾ ੪੬੮)

ਅਰਥ:- ਪਦਾਰਥਾਂ ਦਾ ਲੋਭ ਕਰਨਾ=ਰਾਜਾ ਹੈ ਅਤੇ ਦੂਜਾ ਪਾਪ ਹੈ ਇਹ ਮਹੱਤਾ=ਪਟਵਾਰੀ ਹੈ ਜਾਂ ਵਜ਼ੀਰ ਹੈ, ਕੂੜ ਝੂਠ ਬੋਲਣਾ=ਇਹ ਸਰਦਾਰ ਹੈ ਜਾਂ ਕੋਤਵਾਲ ਹੈ, ਝੂਠ ਦੀ ਹੀ ਪ੍ਰਧਾਨਗੀ ਹੈ।

ਤਥਾ:- ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(ਪੰਨਾ ੭੨੨)

ਕਾਮ ਨੇਬੁ=ਚੋਬਦਾਰ=ਵਜ਼ੀਰ ਹੈ, ਕੋਈ ਸਲਾਹ ਲੈਣੀ ਹੋਵੇ ਤਾਂ ਇਹਨਾਂ ਨੂੰ ਪੁੱਛੀ ਜਾਂਦੀ ਹੈ। ਇਹ ਸਾਰੇ ਲੋਭੀ, ਪਾਪੀ, ਕੂੜੇ, ਝੂਠੇ ਅਤੇ ਕਾਮੀ ਬੈਠਕੇ ਮੀਟਿੰਗ ਕਰਦੇ ਹਨ। ਮੀਟਿੰਗ ਵਿਚ ਵਿਚਾਰ ਕੇ ਫੈਸਲਾ ਸੁਣਾਂਦੇ ਹਨ, ਕਾਮੀਆਂ, ਝੂਠਿਆਂ ਆਦਿਕ ਦਾ ਬਹੁਮਤ ਹੋਵੇਗਾ, ਸੱਚ ਬੋਲਣ ਵਾਲੇ ਨੂੰ ਮੂਰਖ ਕਹਿਣਗੇ।

ਕਾਮੁ ਨੇਬੁ ਸਦਿ ਪੁਛਐ ਬਹਿ ਬਹਿ ਕਰੇ ਬੀਚਾਰੁ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਅਰਥ:- ਗਿਆਨ ਤੋਂ ਬਿਨਾਂ ਹੀਣੇ ਸਾਰੀ ਰਯਤਿ ਅੰਨ੍ਹੀ ਹੋਵੇਗੀ॥ ਤ੍ਰਿਸ਼ਨਾ ਦੇ ਭਰੇ ਹੋਏ ਝੂਠ ਬੋਲਕੇ ਮੁਰਦਾਰ ਨੂੰ ਖਾ ਰਹੇ ਹਨ।
ਯਥਾ = ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣ ਜਾਇ॥
(ਪੰਨਾ ੧੩੯)

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥

ਅਰਥ:- ਗਿਆਨੀ ਪੁਰਖ ਵਿਦਵਾਨ ਨਚਦੇ ਹਨ ਅਤੇ ਵਾਜੇ ਵਜਾਕੇ ਗਾਉਂਦੇ ਹਨ। ਅਤੇ ਆਪਣੇ ਰੂਪ ਨੂੰ ਸ਼ਿੰਗਾਰਦੇ ਹਨ। ਉਚਾ ਕੂਕਹਿ ਬੋਲਦੇ ਹਨ। ਪੁਰ-’ਤਨ ਝਗੜਿਆਂ ਨੂੰ ਗਾਉਂਦੇ ਹਨ, ਅਤੇ ਸੂਰਮਿਆਂ ਦੀਆਂ ਵਾਰਾਂ ਗਾਉਂਦੇ ਹਨ। ਪਰ ਆਪ ਜੰਗ ਦਾ ਨਾਮੁ ਸੁਣਕੇ ਬੀਮਾਰ ਹੋ ਜਾਂਦੇ ਹਨ। ਯੋਧਿਆਂ ਦੀਆਂ ਵਾਰਾਂ ਗਾਕੇ ਰੋਟੀਆਂ ਹੀ ਛੱਕਦੇ ਹਨ। ਆਪ ਨਿਤਨੇਮ ਤੋਂ ਵੀ ਆਲਸ ਕਰਦੇ ਹਨ, ਕਲਜੁਗੀ ਜੀਵ, ਨਾਮੁ ਗਿਆਨੀ ਜਾਂ ਪੰਡਿਤ ਹੈ।

ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥

ਮੂਰਖਾਂ ਨੂੰ ਪੰਡਿਤ ਕਹਿਕੇ ਬੁਲਾਉਣਗੇ, ਸੰਚੇ=ਮਾਇਆ ਕੱਠੀ ਕਰਨ ਵਿਚ ਪ੍ਰੇਮ ਹੋਵੇਗਾ ਅਤੇ ਹੁੱਜਤਾਂ ਕਰਨ ਵਾਲੇ ਦਾ ਨਾਮੁ ਵੈਦ ਹੋਵੇਗਾ। ਧਰਮੀ ਲੋਕ ਥੋੜਾ ਬਹੁਤ ਦਾਨ ਪੁੰਨ ਕਰਕੇ ਉਸੇ ਟਾਈਮ ਮੋਖ ਦੁਆਰ ਦੀ ਮੰਗ ਕਰਨਗੇ। ਉਸਦਾ ਫਲ ਗਵਾ ਲੈਂਦੇ ਹਨ, ਨਿਸ਼ਕਾਮ ਸੇਵਾ ਕਰਨ ਦਾ ਅਥਾਹ ਫਲ ਮਿਲਦਾ ਹੈ। ਮੰਗਣਾ ਨਹੀਂ ਚਾਹੀਦਾ।

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ॥
ਅਰਥ:- ਆਪਣੇ ਆਪ ਨੂੰ ਜਤੀ ਕਹਾਉਣਗੇ ਪਰ ਜਤ ਦੀ ਜੁਗਤੀ ਨਹੀਂ ਜਾਣਦੇ।

ਲੋਕਾਂ ਨੂੰ ਠਗਣ ਲਈ ਘਰ ਬਾਰ ਛੱਡਕੇ ਜੰਗਲਾਂ ਵਿਚ ਬੈਠਦੇ ਹਨ।

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥

(ਪੰਨਾ ੪੬੮)

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਲਜੁਗ ਵਿਚ ਸਭ ਕੋਈ ਆਪਣੇ ਆਪ ਨੂੰ ਪੂਰਾ ਕਹੇਗਾ, ਘਟ ਕੋਈ ਨਹੀਂ ਕਹਾਏਗਾ। ਜਿਸ ਵੇਲੇ ਧਰਮ ਰਾਜ ਦੇ ਪਾਸ ਇਹਨਾ ਦੀ ਪਤ ਇੱਜ਼ਤ ਵਾਲਾ ਪਰਵਾਨਾ ਕਮਾਈ ਵਾਲੀ ਵਹੀ ਖੋਲ੍ਹਕੇ ਧਰਮ ਕੰਡੇ ਵਿਚ ਪਾਇਆ ਤਾਂ ਪਤਾ ਲਗੇਗਾ, ਜੇ ਪੂਰਾ ਉਤਰ ਆਇਆ ਤਾਂ ਬੰਦ ਖਲਾਸੀ ਹੋਵੇਗੀ, ਜੇ ਤਕੜੀ ਪਾਪਾਂ ਵਾਲੇ ਪਾਸੇ ਭਾਰੀ ਰਹੀ ਤਾਂ ਨਰਕਾਂ ਦੀ ਸਜ਼ਾ ਅਤੇ ਚੌਰਾਸੀ ਦਾ ਚੱਕਰ।

ਮ: ੧॥
ਸਤਿਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਦਾ ਰਟਨ ਕਰਦੇ ਮਥਰਾ ਬ੍ਰਿੰਦਾਬਨ ਭਾਦੋ ਸੁਦੀ ਅਸ਼ਟਮੀ ਨੂੰ ਜਾਂਦੇ ਹਨ। ਜਦੋਂ ਉਥੇ ਕ੍ਰਿਸ਼ਨ ਭਗਵਾਨ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਮੇਲਾ ਲਗਿਆ ਸੀ, ਰਾਸ ਧਾਰੀਏ ਰਾਸ ਪਾ ਰਹੇ ਸਨ। ਕੋਈ ਕਾਹਨ ਬਣਿਆ ਹੈ ਕੋਈ ਗੋਪੀਆਂ ਬਣਕੇ ਗਾਉਂਦੇ ਅਤੇ ਨੱਚਦੇ ਹਨ। ਸਤਿਗੁਰੂ ਉਨ੍ਹਾਂ ਦਾ ਹਾਵ ਭਾਵ ਦੇਖ ਕੇ ਉਨ੍ਹਾਂ ’ਤੇ ਦਯਾ ਕੀਤੀ, ਗਿਆਨ ਕਰਵਾਇਆ।

ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨ੍ਹਿ ਸਿਰਿ॥

ਅਰਥ:- ਜਿਸਨੇ ਕ੍ਰਿਸ਼ਨ ਜੀ ਦਾ ਰੂਪ ਧਾਰਨ ਕੀਤਾ ਹੈ ਗੁਰ=ਤੋਂ ਭਾਵ ਕ੍ਰਿਸ਼ਨ ਜੀ ਦੇ ਜਿਹੜੇ ਚੇਲੇ ਹਨ ਉਹ ਸਾਜ ਆਦਿਕ ਵਾਜਿਆਂ ਨੂੰ ਵਜਾਂਦੇ ਹਨ। ਨੱਚਣ ਸਮੇਂ ਕ੍ਰਿਸ਼ਨ ਰੂਪ ਸਾਂਗੀਆਂ ਪੈਰਾਂ ਨੂੰ ਹਲਾਂਦਾ ਹੈ ਅਤੇ ਸਿਰ ਨੂੰ ਫੇਰਦਾ ਹੈ। ਘੁੰਮਾਉਂਦਾ ਹੈ ਕਿ ਲੋਕਾਂ ਨੂੰ ਵੱਸ ਕਰ ਲਵਾਂ।

ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥
ਅਰਥ:- ਨੱਚਣ ਸਮੇਂ ਰਾਵਾ=ਧੂੜੀ ਉਡ ਕੇ ਝਾਂਟੇ ਵਿਚ ਪੈਂਦੀ ਹੈ।
ਲੋਕ ਰਾਸ ਮੰਡਲ ਦੇਖ ਕੇ ਹਸਦੇ ਹਸਦੇ ਗੱਲਾਂ ਕਰਦੇ ਘਰਾਂ ਨੂੰ ਜਾਂਦੇ ਹਨ।
ਰੋਟੀਆਂ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥
ਅਰਥ:- ਉਹਨਾਂ ਰਾਸ ਧਾਰੀਆਂ ਵਿਚ ਕੋਈ ਪ੍ਰੇਮ ਦੀ ਭਗਤੀ ਕਰਨ ਵਾਲਾ ਨਹੀਂ ਹੈ, ਉਹ ਸਿਰਫ਼ ਰੋਟੀਆਂ ਖਾਣ ਲਈ ਤਾਲਾਂ ਨੂੰ ਪੂਰ ਕੇ ਪੈਸਾ ਕਮਾਉਂਦੇ ਹਨ। ਅਗਿਆਨੀ ਲੋਕ ਰਾਧਾ ਕ੍ਰਿਸ਼ਨ ਹੀ ਮੰਨਦੇ ਹਨ।
ਗਾਵਨਿ ਗੋਪੀਆਂ ਗਾਵਨਿ ਕ੍ਹਾਨ॥
ਗਾਵਨਿ ਸੀਤਾ ਰਾਜੇ ਰਾਮ॥
(ਪੰਨਾ ੪੬੫)

ਕੋਈ ਕ੍ਰਿਸ਼ਨ ਦਾ ਸਵਾਂਗ ਧਾਰਦਾ ਹੈ ਕੋਈ ਗੋਪੀਆਂ ਬਣਦਾ ਹੈ ਅਤੇ ਉਹਨਾਂ ਨੇ ਜਮਨਾ ਕਿਨਾਰੇ ਰਾਸ ਪਾਣੀ ਅਤੇ ਗੋਪੀਆਂ ਨਾਲ ਕੇਲਾਂ ਕੀਤੀਆਂ ਬਸਤ੍ਰ ਆਦਿਕ ਲੁਕਾ ਲੈਣੇ ਇਤਿਹਾਸ ਨੂੰ ਗਾਉਂਦੇ ਹਨ।

ਗਾਵਨ ਸੀਤਾ ਰਾਜੇ ਰਾਮ।

ਹਰਿ ਸਾਲ ਦੁਸਹਿਰੇ ਵਾਲੇ ਦਿਨ ਰਾਮ ਚੰਦ੍ਰ ਜੀ ਅਤੇ ਸੀਤਾ ਮਾਤਾ ਦੇ ਰੂਪ ਧਾਰਕੇ ਨਚਦੇ ਅਤੇ ਉਹਨਾਂ ਦੇ ਪ੍ਰਸੰਗ ਬਣਵਾਸ ਅਤੇ ਰਾਵਣ ਨੇ ਸੀਤਾ ਚੁਰਾਉਣੀ ਅਤੇ ਲੰਕਾ ਨੂੰ ਜਾਣ ਸਮੇਂ ਬਾਂਦਰਾਂ ਦੀ ਸੈਨਾ ਸਹਿਤ ਪੱਥਰਾਂ ਨੂੰ ਪਾਣੀ ਦੇ ਉਤੇ ਤਾਰਨਾ। ਤਕਰੀਬਨ 30 ਮੀਲ ਰਮੇਸ੍ਵਰ ਪੁਰਮ ਤੋਂ ਸ੍ਰੀ ਲੰਕਾ ਤਕ ਪੱਥਰਾਂ ਦਾ ਪੁਲ ਬਣਾ ਕੇ ਸੈਨਾ ਲੰਘਾਉਣੀ, ਰਾਵਣ ਨੂੰ ਮਾਰਣਾ, ਸੀਤਾ ਮਾਤਾ ਨੂੰ ਛੁਡਾਉਣਾ। ਇਹਨਾਂ ਪ੍ਰਸੰਗਾਂ ਨੂੰ ਗਾਉਂਦੇ ਹਨ, ਗੁਰੂ ਜੀ ਕਥਨ ਕਰਦੇ ਹਨ ਕਿ ਪ੍ਰੇਮ ਦੀ ਖੇਡ ਨਹੀਂ ਭੇਟਾ ਚਾਲ ਹੈ ਇਕ ਰਸਮੋਂ ਰਿਵਾਜ਼ ਬਣ ਗਿਆ ਹੈ।

ਤਥਾ:- ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥ ਪੰਨਾ ੯੪੨॥

ਅਰਥ:- ਬਿਧਾਤੇ=ਸ੍ਰੀ ਰਾਮ ਚੰਦ੍ਰ ਜੀ ਨੇ ਗੁਰਮੁਖ=ਗੁਰੂ ਵਿਸ਼ਿਸ਼ਟ ਦੁਆਰੇ ਸਮੁੰਦਰ ਉਤੇ ਸੇਤੂ=ਪੁਲ ਬੰਨ੍ਹਿਆ। ਲੰਕਾ ਵਿਚ ਦਾਖਲ ਹੋ ਕੇ ਦੈਂਤਾਂ ਨੂੰ ਰਾਵਣ ਸਹਿਤ ਮਾਰਿਆ। ਦੁਖ ਦਿਤਾ ਅਤੇ ਸੀਤਾ ਨੂੰ ਛੁਡਾ ਕੇ ਅਯੁਧਿਆ ਪੁਰੀ ਆ ਕੇ ਦਸ ਹਜ਼ਾਰ ਸਾਲ ਰਾਜ ਕੀਤਾ। ਇਹੋ ਜਿਹੇ ਪੁਲ ਬੰਨ੍ਹਣ ਦਾ ਕੰਮ ਕਰਨਾ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਬਿਧਾਤੇ ਸ਼ਬਦ ਦੀ ਵਰਤੋਂ ਕੀਤੀ ਹੈ। ਜਿਸਦਾ ਅਰਥ ਪਰਮਾਤਮਾ ਹੈ। ਮ: ੧॥ ਪੰਨਾ ੯੪੨॥
ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

- ਕਰਨੈਲ ਸਿੰਘ ਟੋਰਾਂਟੋ: 416-746-7642




## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503। +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਲੜਕਾ, ਉਮਰ 25 ਸਾਲ, ਕਦ 5’8’’, ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5’-11’’, ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5’-3’’, ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com



TransExpert NOW HIRING! Skylark Logistics Inc.

Full Time Mechanic Also Needed
Highway US Drivers & Owner Operators Wanted

- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.



Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.


# ਆਸ਼ਿਕ ਤੇ ਸੁਪਾਰੀ ਕਿਲਰ ਨਾਲ ਮਿਲ ਕੇ ਪਤੀ ਦੀ ਹੱਤਿਆ

ਲੁਧਿਆਣਾ, 17 ਅਕਤੂਬਰ (ਪੋਸਟ ਬਿਊਰੋ)- ਏਥੇ ਪੁਸ਼ਵਿੰਦਰ ਕੌਰ ਨਾਂਅ ਦੀ ਇੱਕ ਔਰਤ ਨੇ ਆਪਣੇ ਇੱਕ ਸਾਬਕਾ ਵਿਦਿਆਰਥੀ ਅਤੇ ਪ੍ਰੇਮੀ ਜਸਪ੍ਰੀਤ ਸਿੰਘ ਨਾਲ ਮਿਲ ਕੇ ਪਤੀ ਹਰਵਿੰਦਰਪਾਲ ਸਿੰਘ ਦੀ ਹੱਤਿਆ ਸੁਪਾਰੀ ਕਿਲਰ ਰਾਜੇਸ਼ ਕੁਮਾਰ ਦੇ ਨਾਲ ਮਿਲ ਕੇ ਕੀਤੀ ਸੀ। ਇਸ ਕੰਮ ਲਈ ਸੁਪਾਰੀ ਕਿੱਲਰ ਰਾਜੇਸ਼ ਕੁਮਾਰ ਬਾਰੇ ਪਤਾ ਲੱਗਾ ਹੈ ਕਿ ਉਸ ਨੂੰ ਤਿੰਨ ਲੱਖ ਰੁਪਏ ਵਿੱਚ ਹਾਇਰ ਕੀਤਾ ਗਿਆ ਸੀ।

ਵਾਰਦਾਤ ਵਾਲੇ ਦਿਨ ਤਿੰਨਾਂ ਦੋਸ਼ੀਆਂ ਨੇ ਪਹਿਲਾਂ ਸਿਰਹਾਣੇ ਨਾਲ ਹਰਵਿੰਦਰਪਾਲ ਦਾ ਮੂੰਹ ਦਬਾਇਆ, ਪਰ ਜਦ ਉਹ ਨਹੀਂ ਮਰਿਆ ਤਾਂ ਉਨ੍ਹਾਂ ਨੇ ਉਸ ਦੀ ਗਰਦਨ ਵਿੱਚ ਬਰਫ ਤੋੜਨ ਵਾਲਾ ਸੂਆ ਮਾਰ ਕੇ ਹੱਤਿਆ ਕੀਤੀ ਸੀ। ਪੁਲਸ ਨੇ ਵਾਰਦਾਤ ਦੇ 52 ਦਿਨਾਂ ਬਾਅਦ ਮ੍ਰਿਤਕ ਦੀ ਮਾਂ ਵੱਲੋਂ ਇਕੱਠੇ ਕੀਤੇ ਸਬੂਤਾਂ ਦੇ ਬਾਅਦ ਮਾਮਲਾ ਦਰਜ ਕੀਤਾ ਅਤੇ ਇਸ ਦੇ ਦਸ ਦਿਨ ਬਾਅਦ ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਕਮਿਸ਼ਨਰ ਪੁਲਸ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਹਰਵਿੰਦਰਪਾਲ ਸਿੰਘ ਦੀ ਸ਼ੇਰਪੁਰ ਵਿਚ ਫੈਕਟਰੀ ਹੈ ਤੇ ਉਸ ਦੀ ਪਤਨੀ ਪੁਸ਼ਵਿੰਦਰ ਕੌਰ ਅਕੈਡਮੀ ਚਲਾਉਂਦੀ ਸੀ। ਇਥੇ ਪਿੰਡ ਦਾਦ ਦਾ ਜਸਪ੍ਰੀਤ ਸਿੰਘ 12ਵੀਂ ਕਲਾਸ ਦੀ ਪ੍ਰਾਈਵੇਟ ਪੜ੍ਹਾਈ ਕਰਦਾ ਸੀ। ਇਸੇ ਦੌਰਾਨ ਦੋਵਾਂ ਵਿਚ ਸੰਬੰਧ ਬਣ ਗਏ, ਜਿਸ ਦਾ ਪਤਾ ਪੁਸ਼ਵਿੰਦਰ ਦੇ ਪਤੀ ਨੂੰ ਲੱਗ ਗਿਆ। ਇਸ ਬਾਰੇ ਦੋਵਾਂ ਦਾ ਝਗੜਾ ਰਹਿੰਦਾ ਸੀ। ਪੁਸ਼ਵਿੰਦਰ ਕੌਰ ਨੇ ਆਪਣੇ ਪਤੀ ਨੂੰ ਰਸਤੇ ਵਿੱਚੋਂ ਹਟਾਉਣ ਲਈ ਜਸਪ੍ਰੀਤ ਸਿੰਘ ਨਾਲ ਗੱਲ ਕੀਤੀ ਤਾਂ ਜਸਪ੍ਰੀਤ ਨੇ ਆਪਣੇ ਦੋਸਤ ਰਾਜੇਸ਼ ਕੁਮਾਰ ਨੂੰ ਨਾਲ ਮਿਲਾ ਲਿਆ। ਇਸ ਕੇਸ ਵਿੱਚ ਲਾਪਰਵਾਹੀ ਲਈ ਲਲਤੋਂ ਚੌਕੀ ਇੰਚਾਰਜ ਅਸ਼ਵਨੀ ਕੁਮਾਰ ਨੂੰ ਸਸਪੈਂਡ ਕੀਤਾ ਗਿਆ ਸੀ ਅਤੇ ਥਾਣਾ ਸਦਰ ਇੰਚਾਰਜ ਸੁਖਦੇਵ ਸਿੰਘ ਬਰਾੜ ਨੂੰ ਕੱਲ੍ਹ ਸਸਪੈਂਡ ਕੀਤਾ ਗਿਆ ਹੈ।


JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344


# ਫਰੈਂਚ ਕਿੱਸ ਕਰਦੇ ਸਮੇਂ ਪਤਨੀ ਦੀ ਜੀਭ ਕੱਟ ਕੇ ਪਤੀ ਨੇ ਹੈਰਾਨੀ ਜਨਕ ਦਾਅਵਾ ਕੀਤਾ

ਅਹਿਮਦਾਬਾਦ, 17 ਅਕਤੂਬਰ (ਪੋਸਟ ਬਿਊਰੋ)- ਫਰੈਂਚ ਕਿੱਸ ਕਰਦੇ ਸਮੇਂ ਆਪਣੀ ਪਤਨੀ ਦੀ ਜੀਭ ਕੱਟਣ ਦੇ ਦੋਸ਼ੀ ਵਿਅਕਤੀ ਨੇ ਇਸ ਬਾਰੇ ਹੈਰਾਨੀ ਜਨਕ ਦਲੀਲ ਦਿੱਤੀ ਹੈ। ਦੋਸ਼ੀ ਨੇ ਪੁਲਸ ਜਾਂਚ ਦੌਰਾਨ ਗਲਤੀ ਕਬੂਲ ਕੀਤੀ, ਪਰ ਉਸ ਦੇ ਪਿੱਛੇ ਅਜੀਬ ਦਲੀਲ ਦਿੱਤੀ ਹੈ ਕਿ ਕਿੱਸ ਕਰਦੇ ਸਮੇਂ ਪਤਨੀ ਅਤੇ ਉਸ ਦੀ ਜੀਭ ਇੱਕ ਦੂਜੇ ਨਾਲ ਚਿੰਬੜ ਗਈ ਸੀ ਅਤੇ ਇਸ ਵਜ੍ਹਾ ਕਰ ਕੇ ਉਸ ਨੂੰ ਮਜਬੂਰਨ ਜੀਭ ਕੱਟਣੀ ਪਈ।

ਅਹਿਮਦਾਬਾਦ ਦੇ ਜੁਹਾਪੁਰਾ ਦੇ ਵਸਨੀਕ 46 ਸਾਲਾਂ ਦੇ ਅਯੂਬ ਮਨਸੂਰੀ ਨੇ ਪੁਲਸ ਨੂੰ ਦੱਸਿਆ ਕਿ ਜਦੋਂ ਉਸ ਨੂੰ ਅਹਿਸਾਸ ਹੋਇਆ ਕਿ ਪਤਨੀ ਦੀ ਜੀਭ ਕੱਟੀ ਗਈ ਹੈ ਅਤੇ ਉਸ ਵਿੱਚੋਂ ਕਾਫੀ ਖੂਨ ਵਗਦਾ ਹੈ ਤਾਂ ਉਹ ਘਬਰਾ ਗਿਆ ਅਤੇ ਪਤਨੀ ਨੂੰ ਘਰ ਵਿੱਚ ਬੰਦ ਕਰ ਕੇ ਫਰਾਰ ਹੋ ਗਿਆ। ਦੂਜੇ ਪਾਸੇ ਉਸ ਦੀ ਪਤਨੀ ਤਸਲੀਮ ਅਜੇ ਬੋਲ ਨਹੀਂ ਸਕਦੀ ਤੇ ਖਾਣ ਵਿੱਚ ਵੀ ਉਸ ਨੂੰ ਦਿੱਕਤ ਆ ਰਹੀ ਹੈ। ਉਸ ਨੂੰ ਅੱਠ ਅਕਤੂਬਰ ਨੂੰ ਵਾਪਰੀ ਇਸ ਘਟਨਾ ਪਿੱਛੋਂ ਨੌਂ ਅਕਤੂਬਰ ਦੀ ਰਾਤ ਸਰਦਾਰ ਵੱਲਭ ਭਾਈ ਪਟੇਲ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਸੀ। ਤਸਲੀਮ ਦੇ ਦਿਓਰ ਇੰਦਰੀਸ ਮਨਸੂਰੀ ਨੇ ਦੱਸਿਆ ਕਿ ਆਪਰੇਸ਼ਨ ਤੋਂ ਮਗਰੋਂ ਉਸ ਦੀ ਭਰਜਾਈ ਤਰਲ ਪਦਾਰਥ ਹੀ ਲੈਂਦੀ ਹੈ। ਤਸਲੀਮ ਇਸ ਦੋਸ਼ੀ ਦੀ ਤੀਜੀ ਪਤਨੀ ਹੈ ਅਤੇ ਅਯੂਬ ਤਸਲੀਮ ਦਾ ਦੂਜਾ ਪਤੀ ਹੈ। ਦੱਸਿਆ ਜਾ ਰਿਹਾ ਹੈ ਕਿ ਮਾਰਚ 2018 ਵਿੱਚ ਹੋਏ ਵਿਆਹ ਤੋਂ ਬਾਅਦ ਅਯੂਬ ਅਕਸਰ ਤਸਲੀਮ ਨੂੰ ਕੁੱਟਦਾ-ਮਾਰਦਾ ਸੀ।


REXDALE BODY SHOP
USED CAR SALE



CHEEMA

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



APEX CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO



Laddi



647-575-6102
Email: apexconstruc16@gmail.com



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM



Silvercity
B. 905.913.8500
HIRA RANDHWA
Broker
416.319.0551



BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551



ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work



7290 Major Mackenzie Drive Kleinberg, Ont. L0J 1C0



Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner



V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits



ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ



AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com





PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



RESIDENTIAL - COMMERCIAL
PROPERTY - INDUSTRIAL



KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸੰਤ ਬਾਬਾ ਰਾਮ ਸਿੰਘ ਜੀ ਦੀ ਸਲਾਨਾ ਬਰਸੀ



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਲੱਲਕਲਾਂ ਅਤੇ ਸਮਰਾਲਾ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਰਾਮ ਸਿੰਘ ਜੀ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ 18 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸਵੇਰੇ 10:30 ਵਜੇ ਆਰੰਭ ਕੀਤੇ ਜਾ ਰਹੇ ਹਨ ਅਤੇ 20 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਭੋਗ ਪਾਏ ਜਾਣਗੇ । ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਿਵਾਰਾਂ ਸਮੇਤ ਗੁਰਦਵਾਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

**ਵਧੇਰੇ ਜਾਣਕਾਰੀ ਲਈ ਕਾਲ ਕਰੋ:**
**ਕਰਮ ਸਿੰਘ ਪੂਨੀਆ : 416-262-2600**
**ਜੀਤ ਸਿੰਘ : 647-655-1543**

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ)
CAIB (hons.), MBA (finance), RIBO
ਸੰਪਰਕ ਕਰੋ: 416-908-6237
ARMOUR Unit 1, 30 Topflight dr., Mississauga

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

ਸਾਬਾ ਟਰੈਵਲ ਐਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ
- 1st class air-condition Transportation
- 4 Star Hotels
- Breakfast, lunch & Dinner
e-mail:surprisefares@rogers.com
Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg
Hotel Package | 7 Days............ CAD865 | 9 Days............ CAD 965
- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ

ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ
ਸੰਪਰਕ ਕਰੋ:416 926 8250
Security & First Aid will be provided!
208-1555 Kingston rd, Pickering L1V 0E9 | 103-100 Dynamic Drive Toronto M1V 5C4

Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

OUR PLAN TO PUT MORE MONEY IN YOUR POCKET:

- Scrapping the Carbon Tax
- EI Maternity and Parental Benefits
  Savings of up to $4,000
- Green Public Transit Tax Credit
  Savings of up to $1,000
- Universal Tax Reduction
  Savings of up to $850/couple per year

VOTE OCT 21st, 2019



SARABJIT KAUR
ETOBICOKE NORTH
sarabjitkaur.ca | 416.748.9696 | @ElectSarabjitK
1753 Albion Road, Unit #9, Etobicoke, ON
Off: 416.743.5710

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF SARABJIT KAUR

Authorized by the official agent of Ruby Sahota



RE-ELECT RUBY SAHOTA
Liberal Candidate for Brampton North

When Ruby Sahota Is Re-Elected, Families Will:

- Save nearly $600 a year by lower taxes;
- See Old Age Security go up by 10% when they turn 75;
- Save $1000 a year on their family's cell phone plans;
- Get interest-free loans and hundreds of dollars in incentives to retrofit their home and save more money on bills;
- Save $800 a year when we lower fees for child care;
- Get more money to help raise newborns with a boosted Canada Child Benefit; and
- Make college and university for affordable for Canadian students.

Campaign Office: 860 North Park Drive, Brampton ON L6S 4N5 — 905-615-8454
www.rubysahota.liberal.ca @ RubySahotaLib

RAMONA SINGH
CANDIDATE FOR MP - BRAMPTON EAST

CONSERVATIVE
WILL FIGHT FOR BRAMPTON'S FAIR SHARE

-Get tough on guns and gangs
-Stop illegal border crossings
-Support the family reunification program (parents and grandparents)
-Lower income tax rates for low and middle income earners
-Lower the cost of living by scrapping the carbon tax
-Increase the Age Tax Credit by $1000 for seniors
-Fix the mortgage stress test
-Make maternity and paternity benefits tax-free

It's Time For you To Get Ahead

Join Our Team!
647.400.7000
9990 The Gore Rd, 3rd Floor
Brampton, ON L6P 0A7
info@ramonasingh.ca
www.ramonasingh.ca



IT'S TIME FOR A CHANGE!



AFTER 4 YEARS OF
INEFFECTIVE PRESENTATION
IF YOU WANT AN MP WHO CARES,
AN MP YOU CAN TRUST
JOIN THE WINNING TEAM!
For Brampton Centre
ELECT
Pawanjit GOSAL

CONSERVATIVE
electgosal@gmail.com
electgosal.ca
647.484.7777
Authorized by the official agent of the Pawanjit Gosal campaign
TeamGosal TeamGosal

IT'S TIME FOR you TO GET AHEAD
CONSERVATIVE
Andrew Scheer and Canada's Conservatives have a plan to put more money in the pockets of Ontario families.

Eliminating the carbon tax
$564 *by 2022
Taking federal portion of HST off of home energy
$113.80 *per household
Universal Income Tax Cut
$850 per household *two income average
Kids' arts, sports and music tax credits
Up to $225
Making maternity and parental benefits tax free
Up to $4,215
RESP contribution increase
$250 *Total maximum government contribution to RESPs increase to $750 per year
Public Transit Tax Credit
$508 *Average savings for GO fares from Union Station to Bramalea Station
Increased Age Credit
$150 *per senior


VOTE
Baljit
Bawa
FOR BRAMPTON CENTRE
PPC
PEOPLE'S PARTY OF CANADA
Key Focus
Affordability for Canadian's
Lower income taxes
and No corporate welfare
Economic Immigration
with a focus on integration
Fight climate change
Focusing on security and
prosperity of Canadians by
investing in safer communities
416-728-4142
info@electbawa.ca
25 Kings Cross Rd


ਬਰੈਂਪਟਨ ਦਾ ਆਪਣਾ ਪੁੱਤਰ,
ਇਤਿਹਾਸ ਰਚਣ ਜਾ ਰਿਹਾ ਹੈ
NDP 49%
LPC 31%
CPC 27%
SOURCE: CAMPAIGN RESEARCH, OCT. 10 - JOB APPROVAL RATINGS OF LEADERS
NDP
Jagmeet
Singh
Paid for and authorized by the registered agent of Canada's NDP. cope:225-xx
On Monday October 21, vote for the NDP
ndp.ca